## ਪ੍ਰੋਗਰਾਮ/ਯੋਜਨਾਵਾਂ/ਨੀਤੀਆਂ/ਨੋਟੀਫਿਕੇਸ਼ਨਾਂ

- ਦ ਪੰਜਾਬ ਪਲਾਸਟਿਕ ਕੈਰੀ ਬੈਗਜ਼ ਐਕਟ, 2005. **(http://punenvis.nic.in/PDF/pbgov/pbgov.pdf)**
- ਪੰਜਾਬ ਦੀ ਵਿਗਿਆਨ ਅਤੇ ਤਕਨਾਲੌਜੀ ਨੀਤੀ ਦਾ ਖਰੜਾ **(http://www.pscst.com/en/pdfs/Science and Technology Policy of Punjab.doc)**
- ਰਾਸ਼ਟਰੀ ਵਾਤਾਵਰਨ ਚੇਤਨਾ ਮੁਹਿੰਮ
- ਰਾਸ਼ਟਰੀ ਗਰੀਨ ਕੋਰਜ਼ ਪ੍ਰੋਗਰਾਮ
- ਰਾਸ਼ਟਰੀ ਵਿਗਿਆਨ ਦਿਵਸ ਮਨਾਉਣਾ
- ਤਕਨਾਲੌਜੀ ਦਿਵਸ ਮਨਾਉਣਾ
- ਪੰਜਾਬ ਦੇ ਯੁਵਾ ਵਿਗਿਆਨਕਾਂ ਨੂੰ ਪ੍ਰੋਤਸਾਹਨ : ਸਫਰ ਲਈ ਆਰਥਿਕ ਸਹਾਇਤਾ
- ਵਿਦਿਆਰਥੀ ਪ੍ਰਾਜੈਕਟ ਪ੍ਰੋਗਰਾਮ
- ਯੁਵਾ ਵਿਗਿਆਨੀ ਫੈਲੋਸ਼ਿਪ
- ਮਸ਼ਵਰਾ ਸੈੱਲ
- ਪੰਜਾਬ ਜੈਵ ਵਿਭਿੰਨਤਾ ਬੋਰਡ
- ਐਨਵਿਸ ਕੇਂਦਰ
- ਪੇਟੈਂਟ ਸੂਚਨਾ ਕੇਂਦਰ
- ਔਰਤ ਸਸ਼ਕਤੀਕਰਨ ਲਈ ਵਿਗਿਆਨ ਤੇ ਤਕਨਾਲੌਜੀ

### ਰਾਸ਼ਟਰੀ ਵਾਤਾਵਰਨ ਚੇਤਨਾ ਮੁਹਿੰਮ

ਆਮ ਜਨਤਾ, ਵਿਦਿਆਰਥੀਆਂ ਅਤੇ ਹੋਰ ਲੋਕਾਂ/ਵਿਅਕਤੀਆਂ ਨੂੰ ਵਾਤਾਵਰਨੀ ਸਮੱਸਿਆਵਾਂ ਬਾਰੇ ਅਤੇ ਵਾਤਾਵਰਨ ਦੀ ਸੁਰੱਖਿਆ ਬਾਰੇ ਸਮੂਹਿਕ ਤੌਰ 'ਤੇ ਜਾਗਰੂਕ ਕਰਨਾ ਇਸ ਯੋਜਨਾ ਦਾ ਉਦੇਸ਼ ਹੈ ਜਿਸ ਦੀ ਪੂਰਤੀ ਲਈ ਵਿਦਿਆਰਥੀਆਂ, ਗ਼ੈਰ ਸਰਕਾਰੀ ਸੰਗਠਨਾਂ, ਪੇਂਡੂ ਲੋਕਾਂ ਅਤੇ ਆਮ ਜਨਤਾ ਦੀ ਕਿਰਿਆਤਮਕ ਭਾਗੀਦਾਰੀ ਕਰਵਾਈ ਜਾਂਦੀ ਹੈ। ਇਹ ਯੋਜਨਾ **ਭਾਰਤ ਸਰਕਾਰ ਦੇ ਵਾਤਾਵਰਨ ਅਤੇ ਜੰਗਲਾਤ ਮੰਤਰਾਲੇ** ਵੱਲੋਂ ਸੰਨ 1986 ਵਿਚ ਸ਼ੁਰੂ ਕੀਤੀ ਗਈ ਸੀ। ਪੰ: ਰਾ: ਵਿ: ਤੇ ਤ: ਪ੍ਰੀ: ਪੰਜਾਬ ਸੂਬੇ ਅਤੇ ਚੰਡੀਗੜ੍ਹ ਲਈ ਖੇਤਰੀ ਏਜੰਸੀ ਵਜੋਂ ਕੰਮ ਕਰ ਰਹੀ ਹੈ। 2009-10 ਦੌਰਾਨ ਇਸ ਮੁਹਿੰਮ ਲਈ ਵਿਸ਼ਾ ਹੈ "ਜਲਵਾਯੂ ਤਬਦੀਲੀ"। ਕਿਸੇ ਖਾਸ ਸਾਲ ਦੌਰਾਨ ਇਸ ਮੁਹਿੰਮ ਵਿਚ ਭਾਗ ਲੈਣ ਲਈ ਇੱਛੁਕ ਏਜੰਸੀਆਂ ਭਾਰਤ ਸਰਕਾਰ ਦੇ ਵਾਤਾਵਰਨ ਅਤੇ ਜੰਗਲਾਤ ਮੰਤਰਾਲੇ ਵੱਲੋਂ ਨਿਰਧਾਰਿਤ ਅੰਤਿਮ ਮਿਤੀ ਤੋਂ ਪਹਿਲਾਂ ਪ੍ਰੀਸ਼ਦ ਕੋਲ ਨਿਰਧਾਰਿਤ ਫਾਰਮ ਵਿੱਚ ਭਰ ਕੇ

ਆਪਣੀਆਂ ਤਜਵੀਜ਼ਾਂ ਜਮ੍ਹਾਂ ਕਰਵਾ ਸਕਦੀਆਂ ਹਨ। ਫਾਰਮ ਭਾਰਤ ਸਰਕਾਰ ਦੇ ਵਾਤਾਵਰਨ ਅਤੇ ਜੰਗਲਾਤ ਮੰਤਰਾਲੇ ਕੋਲੋਂ ਪ੍ਰਾਪਤ ਕੀਤਾ ਜਾ ਸਕਦਾ ਹੈ ਜਾਂ ਵੈੱਬਸਾਈਟ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।

ਪ੍ਰੀਸ਼ਦ ਵਾਤਾਵਰਨੀ ਮਹੱਤਵ ਵਾਲੇ ਸਾਰੇ ਹੀ ਦਿਨ ਮਨਾਉਂਦੀ ਹੈ ਜਿਵੇਂ ਕਿ **ਵਿਸ਼ਵ ਜਲਗਾਹ ਦਿਵਸ** (2 ਫਰਵਰੀ), **ਧਰਤ ਦਿਵਸ** (22 ਅਪ੍ਰੈਲ), **ਵਿਸ਼ਵ ਵਾਤਾਵਰਨ ਦਿਵਸ** (5 ਜੂਨ), **ਓਜ਼ੋਨ ਪਰਤ ਦੀ ਸੰਭਾਲ ਲਈ ਅੰਤਰਰਾਸ਼ਟਰੀ ਦਿਵਸ** (16 ਸਤੰਬਰ), **ਜੈਵ ਵਿਭਿੰਨਤਾ ਦੀ ਸੰਭਾਲ ਲਈ ਅੰਤਰਰਾਸ਼ਟਰੀ ਦਿਵਸ** (22 ਮਈ) ਆਦਿ। ਇਸ ਕੰਮ ਲਈ ਪ੍ਰੀਸ਼ਦ ਦੁਆਰਾ ਪੰਜਾਬ ਦੇ ਸਾਰੇ ਕਿਰਿਆਸ਼ੀਲ ਗ਼ੈਰ ਸਰਕਾਰੀ ਸੰਗਠਨਾਂ ਅਤੇ ਸਕੂਲਾਂ/ਸੰਸਥਾਵਾਂ ਨੂੰ ਪ੍ਰੇਰਿਆ ਜਾਂਦਾ ਹੈ। ਭਾਗ ਲੈਣ ਵਾਲੀਆਂ ਏਜੰਸੀਆਂ ਇਨ੍ਹੀਂ ਦਿਨੀਂ ਹੇਠ ਲਿਖੀਆਂ ਗਤੀਵਿਧੀਆਂ ਕਰਦੀਆਂ ਹਨ:-

- ਸਥਾਨਕ ਪ੍ਰਜਾਤੀ ਦੇ ਰੁੱਖ ਲਾਉਣੇ ।
- ਜਨਤਕ ਥਾਵਾਂ/ਸਕੂਲ ਦੀ ਥਾਂ/ਛੱਪੜਾਂ/ਡਰੇਨਾਂ ਆਦਿ ਦੀ ਸਫਾਈ ਕਰਨਾ।
- ਜਨ-ਕੇਂਦਰਾਂ, ਸਕੂਲਾਂ, ਕਾਲਜਾਂ, ਅਜਾਇਬ ਘਰਾਂ ਆਦਿ ਵਿਚ ਵਾਤਾਵਰਨੀ ਵਿਸ਼ਿਆਂ ਉੱਪਰ ਫਿਲਮ/ਸਲਾਈਡ ਸ਼ੋਅ ਆਯੋਜਿਤ ਕਰਨੇ ।
- ਵਾਤਾਵਰਨ ਨੂੰ ਬਚਾਉਣ ਦੀ ਲੋੜ ਦੇ ਵਿਸ਼ੇ 'ਤੇ ਕਠਪੁਤਲੀ ਸ਼ੋਆਂ, ਨੁੱਕੜ ਨਾਟਕਾਂ, ਲੋਕ-ਨਾਚਾਂ, ਗਾਣਿਆਂ ਆਦਿ ਦਾ ਆਯੋਜਨ।
- ਵਪਾਰਕ ਸਥਲਾਂ/ਫੈਕਟਰੀਆਂ/ਮਿੱਲਾਂ ਆਦਿ ਵਿੱਚ ਪਾਣੀ ਦੀ ਬੱਚਤ, ਲੀਕ ਕਰ ਰਹੇ ਪਾਈਪਾਂ/ਜੋੜਾਂ ਦੀ ਮੁਰੰਮਤ, ਵਹਾਅ-ਘਟਾਊ ਯੁਕਤੀਆਂ ਲਾਉਣਾ ਆਦਿ।
- ਬਾਗ਼ ਵਿੱਚ ਤੁਪਕਾ ਜਾਂ ਫੁਹਾਰਾ ਸਿੰਚਾਈ ਪ੍ਰਣਾਲੀ ਵਰਤ ਕੇ ਪਾਣੀ ਦੀ ਵਰਤੋਂ ਘਟਾਉਣਾ ।
- ਬਰਸਾਤੀ ਪਾਣੀ ਨੂੰ ਸਟੋਰ ਕਰਕੇ ਵਰਤਣ ਲਈ ਰੇਨ ਵਾਟਰ ਹਾਰਵੈਸਟਿੰਗ ਪ੍ਰਣਾਲੀ ਲਾਉਣਾ।
- ਪੁਨਰ ਚਕਰਨ ਯੋਗ ਉਤਪਾਦ ਅਤੇ ਪੁਨਰ ਚਕਰਿਤ ਪਦਾਰਥਾਂ ਤੋਂ ਬਣੇ ਉਤਪਾਦ ਚੁਣਨਾ।
- ਥੋੜ੍ਹੀ ਦੂਰ ਜਾਣ ਲਈ ਪੈਦਲ ਤੁਰਨਾ ਜਾਂ ਬਾਈਕ ਵਰਤਣਾ ।
- ਵਾਧੂ ਪਰ ਵਰਤਣਯੋਗ ਵਸਤਾਂ ਦਾਨ ਕਰਨੀਆਂ।
- ਸਕੂਲਾਂ, ਪਿੰਡਾਂ ਆਦਿ ਵਿੱਚ ਪੌਦਾ-ਨਰਸਰੀਆਂ ਸਥਾਪਤ ਕਰਨੀਆਂ।
- ਵਾਤਾਵਰਨੀ ਮੁੱਦਿਆਂ ਉਪਰ ਸਧਾਰਨ ਪ੍ਰਦਰਸ਼ਨੀਆਂ, ਮੇਲਿਆਂ ਆਦਿ ਦਾ ਆਯੋਜਨ।

- ਸਥਾਨਕ ਭਾਸ਼ਾਵਾਂ ਵਿੱਚ ਆਮ ਜਨਤਾ ਲਈ 'ਵਾਤਾਵਰਨ ਬਨਾਮ ਵਿਕਾਸ' ਵਿਸ਼ੇ 'ਤੇ ਬਹਿਸਾਂ ਤੇ ਚਰਚਾਵਾਂ ਦਾ ਆਯੋਜਨ।
- ਸਕੂਲੀ ਬੱਚਿਆਂ ਲਈ ਵਾਤਾਵਰਨ ਅਧਾਰਤ ਕੁਇਜ਼/ਲੇਖ/ਪੇਂਟਿੰਗ/ ਪੋਸਟਰ ਮੁਕਾਬਲੇ ਕਰਾਉਣੇ।

ਇਸ ਤੋਂ ਬਿਨਾਂ ਅਧਿਆਪਕ, ਈਕੋ ਕਲੱਬਾਂ ਦੇ ਵਿਦਿਆਰਥੀ-ਮੈਂਬਰ, ਗ਼ੈਰ ਸਰਕਾਰੀ ਸੰਗਠਨ ਆਦਿ ਜੋ ਵਾਤਾਵਰਨ ਸਬੰਧੀ ਦਿਵਾਸ ਮਨਾਉਂਦੇ ਹਨ, ਉਹ ਅਜਿਹੇ ਕਿਸੇ ਖਾਸ ਦਿਵਸ ਮੌਕੇ ਕੀਤੀਆਂ ਜਾ ਸਕਣ ਵਾਲੀਆਂ ਗਤੀਵਿਧੀਆਂ ਲਈ ਸੁਝਾਅ ਦੇ ਅਤੇ ਮੰਗ ਸਕਦੇ ਹਨ। ਉਹ ਸਮੂਹ ਬਣਾ ਕੇ ਆਪਣੇ ਵਿਚਾਰਾਂ ਦੀ ਦਰਜਾਬੰਦੀ ਕਰ ਸਕਦੇ ਹਨ ਤੇ ਨਵੇਂ ਵਿਚਾਰ ਜੋੜ ਸਕਦੇ ਹਨ। ਦਰਜਾਬੰਦੀ ਅਨੁਸਾਰ ਉਹ ਇੱਕ, ਦੋ ਜਾਂ ਤਿੰਨ ਉੱਤਮ ਵਿਚਾਰ ਚੱਕ ਕੇ ਉਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਯੋਜਨਾਵਾਂ ਬਣਾ ਸਕਦੇ ਹਨ।

ਰਾ: ਵਾ: ਚੇ: ਮੁਹਿੰਮ ਅਧੀਨ ਤਜਵੀਜ਼ਾਂ ਦੇਣ ਲਈ ਲੋੜੀਂਦਾ ਫਾਰਮ ਡਾਊਨਲੋਡ ਕਰਨ ਲਈ ਹੇਠ ਲਿਖਿਆਂ 'ਤੇ ਕਲਿੱਕ ਕਰੋ:

ਫਾਰਮ -1 (http://www.pscst.com/en/pdfs/pscst-book-2008.pdf)

ਫਾਰਮ -2 (http://www.pscst.com/en/pdfs/pscst-book-2008-1.pdf)

ਸੰਪਰਕ ਵਿਅਕਤੀ - ਡਾ. ਸ. ਸ. ਲੱਧੜ, ssladhar@pscst.com

**ਰਾਸ਼ਟਰੀ ਗਰੀਨ ਕੋਰਜ਼ ਪ੍ਰੋਗਰਾਮ**

ਭਾਰਤ ਸਰਕਾਰ ਦੇ ਵਾਤਾਵਰਨ ਅਤੇ ਜੰਗਲਾਤ ਮੰਤਰਾਲੇ ਨੇ ਰਾਸ਼ਟਰੀ ਗਰੀਨ ਕੋਰਜ਼ ਪ੍ਰੋਗਰਾਮ ਸ਼ੁਰੂ ਕੀਤਾ ਹੈ ਜਿਸ ਨੂੰ ਲਾਗੂ ਕਰਨ ਲਈ ਸਾਰੇ ਦੇਸ਼ ਵਿੱਚ V-XII ਜਮਾਤਾਂ ਲਈ ਸਕੂਲਾਂ ਵਿੱਚ ਈਕੋ ਕੱਲਬ ਬਣਾਏ ਗਏ ਹਨ। ਇਸ ਯੋਜਨਾ ਅਧੀਨ ਹਰ ਜ਼ਿਲ੍ਹੇ ਤੋਂ 25● ਸਕੂਲ ਚੁਣੇ ਗਏ ਹਨ। ਹਰ ਸਕੂਲ ਨੂੰ ਰੁ: 25●●/- ਦੀ ਸਲਾਨਾ ਆਰਥਿਕ ਮੱਦਦ ਦਿੱਤੀ ਜਾਂਦੀ ਹੈ। ਇਸ ਤੋਂ ਬਿਨਾਂ ਇੰਚਾਰਜ ਅਧਿਆਪਕਾਂ ਨੂੰ ਮੁੜ-ਮੁੜ ਸਿਖਲਾਈ ਦਿੱਤੀ ਜਾਂਦੀ ਹੈ। ਹਰ ਸਕੂਲ ਨੂੰ ਵਾਤਾਵਰਨੀ ਮੁੱਦਿਆਂ ਉੱਪਰ ਸਰੋਤ ਸਮੱਗਰੀ ਵੀ ਦਿੱਤੀ ਜਾਂਦੀ ਹੈ। ਇਸ ਯੋਜਨਾ ਦੇ ਉਦੇਸ਼ ਇਸ ਤਰ੍ਹਾਂ ਹਨ:-

- ਬੱਚਿਆਂ ਨੂੰ ਵਾਤਾਵਰਨ ਅਤੇ ਵਾਤਾਵਰਨੀ ਸਮੱਸਿਆਵਾਂ ਸਮਝਣ ਦੇ ਯੋਗ ਬਣਾਉਣਾ।
- ਸਕੂਲੀ ਬੱਚਿਆਂ ਨੂੰ ਵਾਤਾਵਰਨੀ ਸਿੱਖਿਆ ਦੇ ਮੌਕੇ ਪ੍ਰਦਾਨ ਕਰਨਾ।
- ਸਕੂਲੀ ਬੱਚਿਆਂ ਦੀ ਅਦੁੱਤੀ ਸਥਿਤੀ ਨੂੰ ਵਰਤ ਕੇ ਸਮਾਜ ਵਿੱਚ ਚੇਤਨਾ ਫੈਲਾਉਣਾ।

- ਵਾਤਾਵਰਨ ਅਤੇ ਵਿਕਾਸ ਦੇ ਮੁੱਦਿਆਂ 'ਤੇ ਫੈਸਲਾ ਲੈਣ ਦੀ ਕਿਰਿਆ ਵਿੱਚ ਬੱਚਿਆਂ ਦੀ ਸ਼ਮੂਲੀਅਤ ਕਰਾਉਣਾ।
- ਬੱਚਿਆਂ ਨੂੰ ਉਨ੍ਹਾਂ ਦੇ ਚੌਗਿਰਦੇ ਦੀਆਂ ਵਾਤਾਵਰਨੀ ਸਮੱਸਿਆਵਾਂ ਨਾਲ ਰੂ-ਬ-ਰੂ ਕਰਾਉਣਾ ਅਤੇ ਉਨ੍ਹਾਂ ਦੇ ਹੱਲ ਲੱਭਣ ਯੋਗ ਬਣਾਉਣਾ।
- ਬੱਚਿਆਂ ਨੂੰ ਉਨ੍ਹਾਂ ਦੇ ਚੌਗਿਰਦੇ ਵਿਚਲੇ ਕਾਰਜ-ਅਧਾਰਤ ਵਾਤਾਵਰਨੀ ਪ੍ਰੋਗਰਾਮਾਂ ਵਿਚ ਸ਼ਾਮਲ ਕਰਨਾ।
- ਇਸ ਯੋਜਨਾ ਅਧੀਨ ਚੁਣੇ ਗਏ ਹਰੇਕ ਸਕੂਲ ਨੇ 30-35 ਵਿਦਿਆਰਥੀਆਂ ਦਾ ਈਕੋ ਕੱਲਬ ਬਣਾਇਆ ਹੈ ਜੋ ਕੱਲਬ ਦੇ ਇੰਚਾਰਜ ਅਧਿਆਪਕ ਦੀ ਦੇਖ-ਰੇਖ ਹੇਠ ਵਾਤਾਵਰਨ-ਜਾਗਰੂਕਤਾ ਗਤੀਵਿਧੀਆਂ ਚਲਾਉਂਦਾ ਹੈ। ਸਕੂਲਾਂ ਨੂੰ ਹੇਠ ਲਿਖੀਆਂ ਗਤੀਵਿਧੀਆਂ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ:
- ਸਕੂਲ ਵਿੱਚ ਵਾਤਾਵਰਨੀ ਮੁੱਦਿਆਂ ਉੱਪਰ ਸੈਮੀਨਾਰ, ਡੀਬੇਟ, ਲੈਕਚਰ ਅਤੇ ਲੋਕ-ਪ੍ਰਿਯ ਵਾਰਤਾਵਾਂ ਦਾ ਆਯੋਜਨ।
- ਵਾਤਾਵਰਨ ਪੱਖੋਂ ਮਹੱਤਵਪੂਰਨ ਥਾਵਾਂ (ਪ੍ਰਦੂਸ਼ਿਤ ਅਤੇ ਨਿਮਨੀਕ੍ਰਿਤ ਥਾਵਾਂ ਸਣੇ), ਜੰਗਲੀ ਜੀਵ-ਪਾਰਕਾਂ ਆਦਿ ਦੀ ਯਾਤਰਾ।
- ਵਾਤਾਵਰਨੀ ਜਾਗਰੂਕਤਾ ਫੈਲਾਉਣ ਲਈ ਜਨਤਕ ਥਾਵਾਂ 'ਤੇ ਰੈਲੀਆਂ, ਪਦ-ਯਾਤਰਾਵਾਂ, ਮਨੁੱਖੀ ਲੜੀਆਂ, ਤੇ ਨੁੱਕੜ ਨਾਟਕ ਕਰਵਾਉਣੇ।
- ਪੌਦੇ ਲਾਉਣ ਅਤੇ ਸਕੂਲ ਦੇ ਅੰਦਰ ਤੇ ਬਾਹਰ ਸਫਾਈ ਮੁਹਿੰਮਾਂ ਚਲਾਉਣ ਵਰਗੀਆਂ ਕਾਰਜ-ਅਧਾਰਤ ਗਤੀਵਿਧੀਆਂ।
- ਛੋਟੇ ਬਾਗ਼, ਗੰਡੋਆ ਖਾਦ-ਇਕਾਈ ਆਦਿ ਸ਼ੁਰੂ ਕਰਨਾ, ਸਕੂਲ ਵਿੱਚ ਪਾਣੀ ਹਾਰਵੈਸਟਿੰਗ ਪ੍ਰਣਾਲੀ ਲਾਉਣਾ, ਕਾਗਜ਼ ਦਾ ਪੁਨਰ ਚੱਕਰ ਅਪਨਾਉਣਾ।
- ਪ੍ਰਦੂਸ਼ਣਕਾਰੀ ਸ੍ਰੋਤਾਂ ਦੀਆਂ ਸੂਚੀਆਂ ਤਿਆਰ ਕਰਕੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਭੇਜਣੀਆਂ।
- ਸਾਂਝੀਆਂ ਥਾਵਾਂ ਉੱਪਰ ਮਲ-ਤਿਆਗਣ ਤੇ ਪੋਸਟਰ ਲਾਉਣ ਵਿਰੁੱਧ ਅਤੇ ਨਿੱਜੀ ਸਫਾਈ ਦੀਆਂ ਆਦਤਾਂ ਜਿਵੇਂ ਕਿ ਖਾਣੇ ਤੋਂ ਪਹਿਲਾਂ ਹੱਥ ਧੋਣਾ ਆਦਿ ਦੇ ਪ੍ਰਚਾਰ ਲਈ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ।
- ਸਕੂਲ ਦੇ ਅੰਦਰ ਅਤੇ ਬਾਹਰ ਪਾਰਕਾਂ, ਬਾਗ਼ਾਂ ਆਦਿ ਵਰਗੇ ਸਥਲਾਂ ਦਾ ਰੱਖ-ਰਖਾਵ।

- ਅਣ-ਅਧਿਕਾਰਿਤ ਤਰੀਕੇ ਨਾਲ ਕੂੜਾ ਸੁੱਟਣ, ਹਸਪਤਾਲਾਂ ਦੇ ਕੂੜੇ ਦਾ ਅਸੁਰੱਖਿਅਤ ਨਿਪਟਾਰਾ ਆਦਿ ਵਰਗੇ ਵਾਤਾਵਰਨ-ਦੋਖੀ ਕੰਮਾਂ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਨਾ।
- ਵਾਤਾਵਰਨੀ ਮੱਹਤਵ ਦੇ ਦੋ ਦਿਵਸ ਵਧੀਆ ਢੰਗ ਨਾਲ ਮਨਾਉਣਾ।

ਪੰਜਾਬ ਰਾਜ ਵਿਗਿਆਨ ਅਤੇ ਤਕਨਾਲੌਜੀ ਪ੍ਰੀਸ਼ਦ (ਪੰ: ਰਾ: ਵਿ: ਤੇ ਤ: ਪ੍ਰੀ:) ਨੇ ਭਾਰਤ ਸਰਕਾਰ ਦੇ ਵਾਤਾਵਰਨ ਅਤੇ ਜੰਗਲਾਤ ਮੰਤਰਲੇ ਦੇ ਸਹਿਯੋਗ ਨਾਲ 29 ਤੋਂ 31 ਜਨਵਰੀ 2008 ਦੌਰਾਨ 3 ਦਿਵਸੀ ਸਿਖਲਾਈ ਪ੍ਰੋਗਰਾਮ ਪੰਜਾਬ ਅਤੇ ਚੰਡੀਗੜ੍ਹ ਦੇ ਮਾਸਟਰ ਟ੍ਰੇਨਰਾਂ ਲਈ ਅਯੋਜਿਤ ਕੀਤਾ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਗੋਲਡਨ ਜੁਬਲੀ ਕਾਨਫਰੰਸ ਹਾਲ ਵਿੱਚ ਹੋਏ ਇਸ ਪ੍ਰੋਗਰਾਮ ਵਿੱਚ ਪੰਜਾਬ ਤੋਂ ਕੁਲ 80 ਮਾਸਟਰ ਟ੍ਰੇਨਰਾਂ (4 ਪ੍ਰਤੀ ਜ਼ਿਲ੍ਹਾ) ਅਤੇ ਚੰਡੀਗੜ੍ਹ ਤੋਂ 4 ਮਾਸਟਰ ਟ੍ਰੇਨਰਾਂ ਨੇ ਭਾਗ ਲਿਆ। ਪ੍ਰਸਿੱਧ ਮਾਹਿਰਾਂ ਨੇ ਵਿਭਿੰਨ ਵਾਤਾਵਰਨੀ ਮੁੱਦਿਆਂ ਉੱਪਰ ਭਾਸ਼ਣ ਕੀਤੇ ਜਿਵੇਂ ਕਿ : ਹਵਾ ਅਤੇ ਜਲ ਸੋਮਿਆਂ ਦੀ ਹਾਲਤ, ਮਨੁੱਖੀ ਅਤੇ ਹੋਰ ਗਤੀਵਿਧੀਆਂ ਕਾਰਨ ਹੋ ਰਹੇ ਪ੍ਰਦੂਸ਼ਣ ਨਾਲ ਹੋ ਰਹੀ ਵਾਤਾਵਰਨ-ਪਲੀਤੀ, ਜੈਵ-ਵਿਭਿੰਨਤਾ, ਜਲਵਾਯੂ-ਤਬਦੀਲੀ, ਓਜ਼ੋਨ ਪਰਤ ਦਾ ਘਟਣਾ, ਪਾਣੀ-ਟੈਸਟ-ਕਿੱਟ ਵਰਤ ਕੇ ਪਾਣੀ ਦੀ ਗੁਣਵੱਤਾ ਟੈਸਟ ਕਰਨ ਦੇ ਵਿਭਿੰਨਤ ਤਰੀਕੇ ਆਦਿ। ਸਮੁੱਚਾ ਪ੍ਰੋਗਰਾਮ ਉਦਘਾਟਨੀ ਸੈਸ਼ਨ ਅਤੇ 6 ਤਕਨੀਕੀ ਸੈਸ਼ਨਾਂ ਵਿੱਚ ਵੰਡਿਆ ਗਿਆ ਸੀ। ਇਹ ਮਾਸਟਰ ਟ੍ਰੇਨਰ ਹਰ ਜ਼ਿਲ੍ਹੇ ਵਿੱਚ 250 ਈਕੋ ਕੱਲਬ ਇੰਚਾਰਜ ਅਧਿਆਪਕਾਂ ਨੂੰ ਸਿਖਲਾਈ ਦੇਣਗੇ।

**ਰਾਸ਼ਟਰੀ ਵਿਗਿਆਨ ਦਿਵਸ ਮਨਾਉਣਾ**

ਹਰ ਸਾਲ 28 ਫਰਵਰੀ ਨੂੰ ਜਾਂ ਉਸ ਦੇ ਆਸ-ਪਾਸ ਭਾਰਤ ਸਰਕਾਰ ਦੇ ਵਿਗਿਆਨ ਅਤੇ ਤਕਨਾਲੌਜੀ ਵਿਭਾਗ ਦੀ ਐਨ.ਸੀ.ਐਸ.ਟੀ.ਸੀ. ਦੀ ਸਰਪਰਸਤੀ ਹੇਠ ਰਾਸ਼ਟਰੀ ਵਿਗਿਆਨ ਦਿਵਸ ਮਨਾਇਆ ਜਾਂਦਾ ਹੈ। ਇਹ ਦਿਨ ਰਮਨ ਪ੍ਰਭਾਵ ਦੀ ਖੋਜ ਨਾਲ ਸਬੰਧਤ ਹੈ। ਹਰ ਸਾਲ ਭਾਰਤ ਸਰਕਾਰ ਦਾ ਇਹ ਵਿਭਾਗ ਇੱਕ ਵਿਸ਼ਾ ਨਿਰਧਾਰਿਤ ਕਰਦਾ ਹੈ ਜਿਸ ਅਧੀਨ ਅਦਾਰਿਆਂ ਅਤੇ ਗ਼ੈਰ ਸਰਕਾਰੀ ਸੰਸਥਾਵਾਂ ਤੋਂ ਤਜਵੀਜ਼ਾਂ ਸੱਦੀਆਂ ਜਾਂਦੀਆਂ ਹਨ। ਪ੍ਰਦਰਸ਼ਨੀਆਂ, ਮੁਕਾਬਲੇ, ਲੈਕਚਰ, ਸੈਮੀਨਾਰ, ਸਲਾਈਡ ਸ਼ੋਅ, ਕਾਰਜ ਸ਼ਾਲਾਵਾਂ, ਸਿਖਲਾਈ ਕੈਂਪ ਆਦਿ ਵਰਗੀਆਂ ਗਤੀਵਿਧੀਆਂ ਕੀਤੀਆਂ ਜਾਂਦੀਆਂ ਹਨ। ਹਰ ਸਾਲ ਸੂਬੇ ਦੀਆਂ ਯੂਨੀਵਰਸਿਟੀਆਂ ਸਣੇ 50 ਤੋਂ ਵੱਧ ਸਕੂਲ, ਕਾਲਜ, ਅਦਾਰੇ ਤੇ ਸਵੈ ਸੇਵੀ ਸੰਗਠਨ ਇਸ ਗਤੀਵਿਧੀ ਵਿੱਚ ਭਾਗ ਲੈਂਦੇ ਹਨ। ਇਸ ਗਤੀਵਿਧੀ ਅਧੀਨ 12-17 ਸਾਲ ਉਮਰ ਦੇ ਵਿਦਿਆਰਥੀਆਂ ਲਈ ਲੋਕਪ੍ਰਿਯ ਵਿਗਿਆਨਕ ਵਿਸ਼ਿਆਂ ਉੱਪਰ ਇੱਕ ਰਾਜ ਪੱਧਰੀ ਲੇਖ-ਲੇਖਣ ਮੁਕਾਬਲਾ ਵੀ ਕਰਵਾਇਆ ਜਾਂਦਾ ਹੈ।

ਰਾਸ਼ਟਰੀ ਵਿਗਿਆਨ ਦਿਵਸ ਅਧੀਨ ਗ੍ਰਾਂਟ ਦੀ ਮੰਗ ਲਈ ਲੋੜੀਂਦਾ ਪ੍ਰੋਫਾਰਮਾ ਡਾਊਨਲੋਡ ਕਰਨ ਲਈ **ਐਥੇ ਕਲਿੱਕ ਕਰੋ।** **http://www.pscst.com/en/pdfs/CNSD-Proforma-A.pdf**

ਸੰਪਰਕ ਵਿਅਕਤੀ : ਡਾ ਨੀਲਮ ਗੁਲਾਟੀ ਸ਼ਰਮਾ, **ngsharma @pscst.com.**

ਸੰਪਰਕ ਵਿਅਕਤੀ : ਡਾ ਕੁ. ਸਿੰ. ਬਾਠ, **ksbath@pscst.com.**

**ਤਕਨਾਲੌਜੀ ਦਿਵਸ ਮਨਾਉਣਾ**

ਸਾਡੇ ਦੇਸ਼ ਦੀਆਂ ਤਕਨੀਕੀ ਅਤੇ ਵਿਗਿਆਨਕ ਪ੍ਰਾਪਤੀਆਂ ਨੂੰ ਉਜਾਗਰ ਕਰਨ ਲਈ ਰਾਸ਼ਟਰੀ ਤਕਨਾਲੌਜੀ ਦਿਵਸ ਹਰ ਸਾਲ 11 ਮਈ ਨੂੰ ਮਨਾਇਆ ਜਾਂਦਾ ਹੈ। ਪ੍ਰੀਸ਼ਦ ਇਹ ਦਿਵਸ ਸੂਬੇ ਦੀਆਂ ਤਕਨੀਕੀ ਸੰਸਥਾਵਾਂ, ਗ਼ੈਰ ਸਰਕਾਰੀ ਸੰਗਠਨਾਂ ਅਤੇ ਸਿੱਖਿਆ-ਸੰਸਥਾਵਾਂ ਨਾਲ ਮਿਲ ਕੇ ਮਨਾਉਂਦੀ ਹੈ। ਇਸ ਅਧੀਨ ਪ੍ਰਦਰਸ਼ਨੀਆਂ, ਮੁਕਾਬਲੇ, ਬਹਿਸਾਂ, ਲੈਕਚਰਾਂ ਆਦਿ ਵਰਗੀਆਂ ਗਤੀਵਿਧੀਆਂ ਆਯੋਜਿਤ ਕੀਤੀਆਂ ਜਾਂਦੀਆਂ ਹਨ ਤਾਂ ਜੋ ਵਿਭਿੰਨ ਖੇਤਰਾਂ ਵਿੱਚ ਉੱਭਰ ਰਹੀਆਂ ਤਕਨੀਕਾਂ ਨੂੰ ਉਜਾਗਰ ਕੀਤਾ ਜਾ ਸਕੇ।

ਰਾਸ਼ਟਰੀ ਤਕਨਾਲੌਜੀ ਦਿਵਸ ਅਧੀਨ ਗ੍ਰਾਂਟ ਦੀ ਮੰਗ ਲਈ ਲੋੜੀਂਦਾ ਪ੍ਰੋਫਾਰਮਾ ਡਾਊਨਲੋਡ ਕਰਨ ਲਈ **ਐਥੇ ਕਲਿੱਕ ਕਰੋ।** **http://www.pscst.com/en/pdfs/CNSD-Proforma-A.pdf**

ਸੰਪਰਕ ਵਿਅਕਤੀ : ਡਾ. ਨੀਲਮ ਗੁਲਾਟੀ ਸ਼ਰਮਾ, **ngsharma @pscst.com.**

ਸੰਪਰਕ ਵਿਅਕਤੀ : ਡਾ. ਕੁ. ਸਿੰ. ਬਾਠ, **ksbath@pscst.com.**

**ਪੰਜਾਬ ਦੇ ਯੁਵਾ ਵਿਗਿਆਨਕਾਂ ਨੂੰ ਪ੍ਰੋਤਸਾਹਨ: ਸਫਰ ਲਈ ਆਰਥਿਕ ਸਹਾਇਤਾ**

ਪੰਜਾਬ ਦੇ ਕਾਲਜਾਂ, ਯੂਨੀਵਰਸਿਟੀਆਂ ਅਤੇ ਹੋਰ ਸੰਸਥਾਵਾਂ ਤੋਂ ਉੱਭਰ ਰਹੇ ਵਿਗਿਆਨਕਾਂ/ਤਕਨੀਸ਼ੀਅਨਾਂ ਨੂੰ ਉਤਸ਼ਾਹਿਤ ਕਰਨ ਅਤੇ ਵਿਗਿਆਨ/ਇੰਜਨੀਅਰਿੰਗ ਤੇ ਤਕਨਾਲੌਜੀ ਦੇ ਵਿਭਿੰਨ ਖੇਤਰਾਂ ਵਿਚ ਹੋਈ ਨਵੀਨਤਮ ਤਰੱਕੀ ਨਾਲ ਉਨ੍ਹਾਂ ਨੂੰ ਜਾਣੂ ਕਰਾਉਣ ਲਈ ਇਹ ਮਹਿਸੂਸ ਕੀਤਾ ਜਾਂਦਾ ਹੈ ਕਿ ਜੋ ਵਿਗਿਆਨਕ ਰਾਸ਼ਟਰੀ/ ਅੰਤਰਰਾਸ਼ਟਰੀ ਸੈਮੀਨਾਰਾਂ/ਸਿੰਪੋਜ਼ੀਅਮਾਂ/ਸਿਖਲਾਈ ਪ੍ਰੋਗਰਾਮਾਂ ਵਿਚ ਵਧੀਆ ਯੋਗਦਾਨ ਪਾਉਂਦੇ ਹੋਣ, ਉਨ੍ਹਾਂ ਦੇ ਹਵਾਈ ਕਿਰਾਏ ਦੀ ਜਾਂ ਮੇਨਟੀਨੈਂਸ ਭੱਤੇ (ਰਜਿਸਟਰੇਸ਼ਨ ਸਣੇ) ਦੀ 50% ਪੂਰਤੀ ਲਈ ਆਰਥਿਕ ਸਹਾਇਤਾ ਦੇਣੀ ਚਾਹੀਦੀ ਹੈ। ਕਾਲਜਾਂ, ਯੂਨੀਵਰਸਿਟੀਆਂ ਅਤੇ ਖੋਜ ਸੰਸਥਾਵਾਂ ਦੇ ਖੋਜ ਕਰਤਾ, ਜਿਨ੍ਹਾਂ ਦੇ ਘੱਟੋ-ਘੱਟ 2 ਖੋਜ ਪਰਚੇ ਕਿਸੇ ਅਜਿਹੇ ਜਰਨਲ ਵਿਚ ਛਪੇ ਹੋਣ ਜਿਸ ਦੇ ਹਵਾਲੇ ਦਿੱਤੇ ਜਾਂਦੇ ਹੋਣ, ਅਪਲਾਈ ਕਰ ਸਕਦੇ ਹਨ। ਲਾਭਪਾਤਰੀ ਵਿਗਿਆਨੀ ਵਾਪਸ ਆ ਕੇ ਆਪਣੇ ਤਜ਼ਰਬੇ ਸਾਂਝੇ ਕਰਨ ਲਈ ਆਪਣੀ ਮੂਲ ਸੰਸਥਾ ਤੋਂ ਬਿਨਾਂ ਦੂਜੀਆਂ ਸੰਸਥਾਵਾਂ ਵਿਚ ਉਸੇ ਤਰ੍ਹਾਂ ਦਾ ਕੰਮ ਕਰ ਰਹੇ ਸਾਥੀ ਵਿਗਿਆਨੀਆਂ ਨੂੰ ਲੈਕਚਰ ਕਰੇਗਾ।

**ਵਿਦਿਆਰਥੀ ਪ੍ਰਾਜੈਕਟ ਪ੍ਰੋਗਰਾਮ**

ਪੰ: ਰਾ: ਵਿ: ਤੇ ਤ: ਪ੍ਰੀਸ਼ਦ ਨੇ ਬੀ.ਈ., ਐਮ.ਬੀ.ਬੀ.ਐਸ., ਐਮ.ਈ., ਐਮ.ਟੈੱਕ, ਐਮ.ਡੀ., ਐਮ. ਫਿਲ, ਐਮ. ਫਾਰਮ, ਬੀ.ਫਾਰਮ ਅਤੇ ਐਮ. ਐਸ ਸੀ. ਦੇ ਅੰਤਮ ਸਾਲ ਦੇ ਵਿਦਿਆਰਥੀਆਂ ਨੂੰ ਆਰਥਿਕ ਸਹਾਇਤਾ ਦੇਣ ਦੇ ਉਦੇਸ਼ ਨਾਲ ਵਿਦਿਆਰਥੀ ਪ੍ਰਾਜੈਕਟ ਸ਼ੁਰੂ ਕੀਤਾ ਹੈ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਹੈ- ਇੰਜਨੀਅਰਿੰਗ/ਮੈਡੀਕਲ ਕਾਲਜਾਂ, ਬਹੁ ਤਕਨੀਕੀ ਸੰਸਥਾਵਾਂ, ਯੂਨੀਵਰਸਿਟੀਆਂ ਅਤੇ ਖੋਜ ਸੰਸਥਾਵਾਂ ਦੇ ਵਿਦਿਆਰਥੀਆਂ ਤੇ ਫੈਕਲਟੀ ਮੈਂਬਰਾਂ ਨੂੰ ਉਤਸ਼ਾਹਿਤ ਕਰਨਾ ਕਿ ਉਹ ਇੰਜਨੀਅਰਿੰਗ, ਮੈਡੀਕਲ ਅਤੇ ਮੂਲ ਵਿਗਿਆਨ ਦੀਆਂ ਵਿਭਿੰਨ ਸ਼ਾਖਾਵਾਂ ਵਿੱਚ ਆਪਣੀ ਪ੍ਰਤਿਭਾ ਦੀ ਵਰਤੋਂ ਕਰਨ। ਇਸ ਨਾਲ ਸਾਡੀ ਤਕਨੀਕੀ ਸਿੱਖਿਆ ਦੇ ਗੁਣਾਤਮਕ ਅਤੇ ਗਿਣਾਤਮਕ ਮਾਪਦੰਡ ਪੂਰੇ ਹੋਣ ਵਿਚ ਮੱਦਦ ਤਾਂ ਮਿਲੇਗੀ ਹੀ, ਨਾਲ ਹੀ ਕਾਫੀ ਵਿਦਿਆਰਥੀ ਤੇ ਫੈਕਲਟੀ ਮੈਂਬਰ ਆਪਣੇ ਪ੍ਰਾਜੈਕਟ ਬਣਾਉਣ ਲਈ ਸਥਾਨਕ ਸਮੱਸਿਆਵਾਂ ਪਿੱਛੇ ਆਪਣੇ ਦਿਮਾਗ਼ ਲਾਉਣਗੇ ਜੋ ਰਾਜ ਲਈ ਵਧੇਰੇ ਲਾਭਦਾਈ ਹੋਵੇਗਾ। ਅੰਤਮ ਵਰ੍ਹੇ ਦੇ ਵਿਦਿਆਰਥੀਆਂ ਨੇ ਇਹ ਪ੍ਰਾਜੈਕਟ ਫੈਕਲਟੀ ਦੀ ਮੱਦਦ ਨਾਲ ਤਿਆਰ ਕਰਨੇ ਹੋਣਗੇ ਜਿਨ੍ਹਾਂ ਨੂੰ ਪੰਜਾਬ ਸਰਕਾਰ ਇਸ ਪ੍ਰੀਸ਼ਦ ਰਾਹੀਂ ਆਰਥਿਕ ਸਹਾਇਤਾ ਦੇਵੇਗੀ। ਪ੍ਰਾਜੈਕਟ ਦੀ ਅਧਿਕਤਮ ਅਵਧੀ ਇੱਕ ਸਾਲ ਅਤੇ ਅਧਿਕਤਮ ਮੱਦਦ ਰੁ: 5,●●●/- ਪ੍ਰਤੀ ਪ੍ਰਾਜੈਕਟ ਹੋਵੇਗੀ। ਇਸ ਪ੍ਰੋਗਰਾਮ ਦੀ ਇਕ ਮੱਹਤਵਪੂਰਨ ਗਤੀਵਿਧੀ ਹੁੰਦੀ ਹੈ- ਹਰ ਸਾਲ ਇਕ ਸੈਮੀਨਾਰ-ਪ੍ਰਦਰਸ਼ਨੀ ਦਾ ਆਯੋਜਨ ਜਿਸ ਵਿਚ ਵਿਦਿਆਰਥੀਆਂ ਦੇ ਚੋਣਵੇਂ ਪ੍ਰਾਜੈਕਟਾਂ ਦਾ ਉਨ੍ਹਾਂ ਦੁਆਰਾ ਵਿਸਤ੍ਰਿਤ ਵਰਣਨ ਕੀਤਾ ਜਾਂਦਾ ਹੈ। ਪੂਰੇ ਹੋਣ ਬਾਅਦ ਸਬੰਧਤ ਖੇਤਰ ਦਾ ਇਕ ਮਾਹਿਰ ਇਨ੍ਹਾਂ ਪ੍ਰਾਜੈਕਟਾਂ ਦਾ ਮੁਲਾਂਕਣ ਕਰਦਾ ਹੈ।

ਇਸ ਯੋਜਨਾ ਅਧੀਨ ਤਜਵੀਜ਼ਾਂ ਤਿਆਰ ਕਰਨ ਲਈ ਲੋੜੀਂਦਾ ਫਾਰਮੈਟ ਡਾਊਨਲੋਡ ਕਰਨ ਲਈ **ਐਥੇ ਕਲਿੱਕ ਕਰੋ**

**http://www.pscst.com/en/pdfs/Format_Students_Project_Programme.pdf**

**ਯੁਵਾ ਵਿਗਿਆਨੀ ਫੈਲੋਸ਼ਿਪ**

ਸੂਬੇ ਦੇ ਯੁਵਾ ਵਿਗਿਆਨੀਆਂ ਨੂੰ ਵਿਗਿਆਨਕ ਅਤੇ ਤਕਨੀਕੀ ਮੁਹਾਰਤ ਸਬੰਧੀ ਨਵੀਨਤਮ ਖੋਜਾਂ ਬਾਰੇ ਜਾਣਨ ਲਈ ਉਤਸ਼ਾਹਿਤ ਕਰਨ ਹਿੱਤ ਪੰਜਾਬ ਦੀਆਂ ਸੰਸਥਾਵਾਂ ਵਿੱਚ ਕਾਰਜਰਤ 45 ਸਾਲ ਤੱਕ ਦੀ ਉਮਰ ਦੇ ਯੁਵਾ ਵਿਗਿਆਨੀਆਂ ਨੂੰ ਇਹ ਪ੍ਰੀਸ਼ਦ ਨਾਮਮਾਤਰ ਆਰਥਿਕ ਸਹਾਇਤਾ ਦਿੰਦੀ ਹੈ ਤਾਂ ਜੋ ਉਹ ਵਿਗਿਆਨ ਅਤੇ ਤਕਨਾਲੌਜੀ ਦੇ ਵਿਭਿੰਨ ਖੇਤਰਾਂ ਵਿਚ ਸਿਖਲਾਈ ਪ੍ਰਾਪਤ ਕਰ ਸਕਣ। ਇਸ ਪ੍ਰੋਗਰਾਮ ਅਧੀਨ ਭਾਰਤ ਵਿਚ ਕਿਤੇ ਵੀ 2-6 ਮਹੀਨੇ ਦੀ ਵਿਸ਼ੇਸ਼ ਸਿਖਲਾਈ ਲੈਣ ਲਈ ਵਿਗਿਆਨੀਆਂ ਨੂੰ ਫੈਲੋਸ਼ਿਪ ਅਤੇ ਫੁਟਕਲ ਗ੍ਰਾਂਟ ਦਿੱਤੀ ਜਾਂਦੀ ਹੈ।

ਇਸ ਯੋਜਨਾ ਲਈ ਬਿਨੈ ਪ੍ਰੋਫਾਰਮਾ ਡਾਊਨਲੋਡ ਕਰਨ ਲਈ **ਐਥੇ ਕਲਿੱਕ ਕਰੋ**

**http://www.pscst.com/en/pdfs/young- Scientist felloship.pdf**

**ਮਸ਼ਵਰਾ ਸੈੱਲ**

ਲਘੂ ਉਦਯੋਗਾਂ ਨੂੰ ਪ੍ਰਦੂਸ਼ਣ-ਕੰਟਰੋਲ ਲਈ ਮਸ਼ਵਰਾ-ਸੇਵਾਵਾਂ ਦੇਣ ਲਈ ਇਹ ਸੈੱਲ ਸਥਾਪਤ ਕੀਤਾ ਗਿਆ ਹੈ ਤਾਂ ਜੋ ਉਨ੍ਹਾਂ ਨੂੰ ਸਹੀ ਮੁੱਲ 'ਤੇ ਢੁਕਵੇਂ ਹੱਲ ਮਿਲ ਸਕਣ। ਇਹ ਸੈੱਲ ਬੇਕਾਰ ਪਾਣੀ/ਨਿਕਾਸੀ ਹਵਾ ਦੇ ਗੁਣਾਂ ਦਾ ਅਧਿਐਨ ਅਤੇ ਵਾਜਬ ਮੁੱਲ ਵਾਲੀਆਂ ਪ੍ਰਦੂਸ਼ਣ ਰੋਕੂ ਤਕਨੀਕਾਂ ਦਾ ਵਿਕਾਸ ਅਤੇ ਪ੍ਰਦਰਸ਼ਨ ਕਰਦਾ ਹੈ ਜਿਸ ਵਿੱਚ ਹੇਠ ਲਿਖੀਆਂ ਗੱਲਾਂ 'ਤੇ ਜ਼ੋਰ ਰਹਿੰਦਾ ਹੈ :

- ਵਿਅਰਥ ਪਦਾਰਥਾਂ ਦੀ ਘੱਟੋ ਘੱਟ ਉਤਪੱਤੀ
- ਊਰਜਾ ਦੀ ਬੱਚਤ
- ਵਾਤਾਵਰਨ ਪੱਖੀ ਉਤਪਾਦਨ
- ਕਾਰਜ ਵਿਧੀ ਵਿਚ ਤਬਦੀਲੀ
- ਉਪਲਬਧ ਸੰਸਧਨਾਂ ਦੀ ਢੁਕਵੀਂ ਵਰਤੋਂ

ਇਸ ਤਰ੍ਹਾਂ ਪ੍ਰਦਰਸ਼ਿਤ ਕੀਤੀਆਂ ਗਈਆਂ ਤਕਨੀਕਾਂ ਨੂੰ ਉਦਯੋਗਿਕ ਅਤੇ ਪੇਂਡੂ ਖੇਤਰਾਂ ਵਿਚ ਫੈਲਾਇਆ ਜਾਂਦਾ ਹੈ। ਉਦਯੋਗਾਂ ਨੂੰ ਸਵੈ ਨਿਰਭਰ ਬਣਾਉਣ ਲਈ ਉਥੇ ਕੰਮ ਕਰਨ ਵਾਲੇ ਵਿਅਕਤੀਆਂ ਨੂੰ ਪ੍ਰਦੂਸ਼ਣ ਰੋਕੂ ਪ੍ਰਣਾਲੀਆਂ ਨੂੰ ਚਲਾਉਣ ਅਤੇ ਠੀਕ ਆਦਿ ਕਰਨ ਦੀ ਸਿਖਲਾਈ ਦਿੱਤੀ ਜਾਂਦੀ ਹੈ।

ਇਹ ਪ੍ਰੀਸ਼ਦ ਹੁਣ ਤੱਕ ਭੱਠਿਆਂ, ਚੌਲ-ਸ਼ੈਲਰਾਂ, ਇੰਡਕਸ਼ਨ ਫਰਨਸਾਂ, ਕੁਪੋਲਾਂ ਫਰਨਸਾਂ ਤੇ ਰੋਲਿੰਗ ਮਿਲਾਂ ਵਿਚ ਹਵਾ ਪ੍ਰਦੂਸ਼ਣ ’ਤੇ ਰੋਕਥਾਮ ਕਰਨ, ਫਲਾਈ ਐਸ਼ ਤੋਂ ਇੱਟਾਂ ਤਿਆਰ ਕਰਨ ਅਤੇ ਧਾਤ ਚਮਕਾਈ ਉਦਯੋਗ, ਜੀਰੀ ਨੂੰ ਭਾਫ ਦੇ ਕੇ ਕੁੱਟਣ ਵਾਲੀਆਂ ਇਕਾਈਆਂ (ਸੇਲਾ ਪਲਾਂਟਾਂ) ਅਤੇ ਚਮੜਾ-ਰੰਗਾਈ ਇਕਾਈਆਂ ਵਿਚ ਪਾਣੀ ਦਾ ਪ੍ਰਦੂਸ਼ਣ ਰੋਕਣ ਦੀਆਂ ਤਕਨੀਕਾਂ ਵਿਕਸਿਤ ਕਰ ਚੁੱਕੀ ਹੈ। ਫਿਰ ਇਹ ਤਕਨੀਕਾਂ 4,●●● ਤੋਂ ਵੀ ਵੱਧ ਉਦਯੋਗਿਕ ਇਕਾਈਆਂ ਵਿੱਚ (ਮੁੱਖ ਰੂਪ ਨਾਲ ਪੰਜਾਬ ਵਿੱਚ) ਲਗਾਈਆਂ ਗਈਆਂ। ਪ੍ਰੀਸ਼ਦ ਨੇ ਛੋਟੇ ਬੋਰ ਵਾਲੀ ਅਤਿ ਆਧੁਨਿਕ ਸੀਵਰੇਜ ਪ੍ਰਣਾਲੀ ਵੀ ਵਿਕਸਿਤ ਕੀਤੀ ਹੈ ਜੋ ਪੰਜਾਬ ਦੇ 3 ਪਿੰਡਾਂ ਵਿਚ ਪ੍ਰਦਰਸ਼ਿਤ ਕੀਤੀ ਜਾ ਚੁੱਕੀ ਹੈ। ਪੰਜਾਬ ਸਰਕਾਰ ਨੇ ਨੇੜਲੇ ਭਵਿੱਖ ਵਿਚ ਇਹ ਤਕਨੀਕ 1,●●● ਪਿੰਡਾਂ ਵਿਚ ਪਹੁੰਚਾਉਣ ਦੀ ਯੋਜਨਾ ਬਣਾਈ ਹੈ।

ਇਨ੍ਹਾਂ ਤਕਨੀਕਾਂ ਦੀ ਵਿਸਤ੍ਰਿਤ ਜਾਣਕਾਰੀ ਲਈ ਪ੍ਰੀਸ਼ਦ ਦੀ ਵੈੱਬ ਸਾਈਟ **www.pscst.com** ਵੇਖੋ

**ਪੰਜਾਬ ਜੈਵ ਵਿਭਿੰਨਤਾ ਬੋਰਡ**

ਜੈਵ ਵਿਭਿੰਨਤਾ ਕਾਨੂੰਨ, 2●●2 ਅਧੀਨ ਪੰਜਾਬ ਜੈਵ ਵਿਭਿੰਨਤਾ ਬੋਰਡ ਇਕ ਸੰਵਿਧਾਨਿਕ ਇਕਾਈ ਵਜੋਂ ਸਥਾਪਤ ਕੀਤਾ ਗਿਆ ਹੈ ਤਾਂ ਜੋ ਸੂਬੇ ਦੇ ਕੁਦਰਤੀ ਪਰਸਥਿਤਿਕ ਪ੍ਰਬੰਧਾਂ ਅਤੇ ਇਸ ਦੇ ਬਨਸਪਤੀ ਤੇ ਜੰਤੂ-ਜਗਤ ਦੀ ਸੰਭਾਲ ਅਤੇ ਸੁਰੱਖਿਆ ਹੋ ਸਕੇ। ਇਹ ਬੋਰਡ ਵਾਤਾਵਰਨ ਵਿਭਾਗ ਵਿਚ ਸਥਾਪਿਤ ਕੀਤਾ ਗਿਆ ਹੈ ਤਾਂ ਜੋ ਜੰਗਲੀ ਅਤੇ ਜ਼ਰਾਇਤੀ ਦੋਵੇਂ ਖੇਤਰਾਂ ਦੀ ਜੈਵ ਵਿਭਿੰਨਤਾ ਦੀ ਸਹੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ। ਪੰਜਾਬ ਜੈਵ ਵਿਭਿੰਨਤਾ ਬੋਰਡ ਦਾ ਸਕੱਤਰੇਤ ਪੰ: ਰਾ: ਵਿ: ਤੇ ਤ: ਪ੍ਰੀ: ਵਿਖੇ ਸਥਿਤ ਹੈ। ਇਹ ਬੋਰਡ ਦੇ ਮੁੱਖ ਕੰਮ ਹਨ:

- ਜੈਵ ਵਿਭਿੰਨਤਾ ਕਾਨੂੰਨ, 2●●2 ਨੂੰ ਸੂਬੇ ਵਿਚ ਲਾਗੂ ਕਰਨਾ
- ਸੂਬੇ ਦੇ ਜੈਵਿਕ ਸ੍ਰੋਤਾਂ ਦੀ ਵਰਤੋਂ ਨੂੰ ਨਿਯੰਤ੍ਰਿਤ ਕਰਨਾ ਖਾਸ ਤੌਰ ’ਤੇ ਉਨ੍ਹਾਂ ਦੀ ਵਪਾਰਕ ਵਰਤੋਂ ਨੂੰ ਨਿਯੰਤ੍ਰਿਤ ਕਰਨ ਲਈ ਅਤੇ ਉਹਨਾਂ ਦੇ ਜੈਵਿਕ ਸਰਵੇਖਣ ਲਈ ਆਗਿਆ ਦੇ ਕੇ ।
- ਇਨ੍ਹਾਂ ਜੈਵਿਕ ਸ੍ਰੋਤਾਂ ਲਈ ਇੱਕਤਰਨ-ਫੀਸ ਵਸੂਲਣਾ ਜਦੋਂ ਵੀ ਵਪਾਰਕ ਅਦਾਰੇ ਜਾਂ ਦੂਜੇ ਵਿਅਕਤੀ ਉਦਯੋਗਿਕ/ਵਪਾਰਕ ਵਰਤੋਂ ਲਈ ਇਨ੍ਹਾਂ ਦਾ ਦੋਹਨ ਕਰਨ।
- ਇਨ੍ਹਾਂ ਸ੍ਰੋਤਾਂ ਦੀ ਵਪਾਰਕ ਵਰਤੋਂ ਨਾਲ ਹੋਣ ਵਾਲੇ ਲਾਭਾਂ ਦੀ ਉਨ੍ਹਾਂ ਸਥਾਨਕ ਲੋਕਾਂ ਵਿੱਚ ਨਿਆਂਸੰਗਤ ਵੰਡ ਜਿੱਥੋਂ ਇਹ ਸ੍ਰੋਤ ਲੈ ਕੇ ਵਰਤੇ ਗਏ ਸਨ।

- ਜ਼ਰਾਇਤੀ ਅਤੇ ਜੰਗਲੀ, ਦੋਵੇਂ ਖੇਤਰਾਂ ਵਿੱਚ ਜੈਵ ਵਿਭਿੰਨਤਾ ਸੰਭਾਲ ਦੀਆਂ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨਾ।
- ਵਿਦੇਸ਼ੀਆਂ ਅਤੇ ਐਨ.ਆਰ.ਆਈ. ਲੋਕਾਂ ਦੁਆਰਾਂ ਜੈਵਿਕ ਸ੍ਰੋਤਾਂ ਦੀ ਕੀਤੀ ਜਾਣ ਵਾਲੀ ਅਜਿਹੀ ਵਪਾਰਕ ਵਰਤੋਂ ਰਾਸ਼ਟਰੀ ਜੈਵ ਵਿਭਿੰਨਤਾ ਅਥਾਰਟੀ ਦੇ ਧਿਆਨ ਵਿੱਚ ਲਿਆਉਣੀ (ਇਨ੍ਹਾਂ ਸ੍ਰੋਤਾਂ ਵਿੱਚੋਂ ਉਪਜਾਈ ਗਈ ਸੰਪੱਤੀ ਸਣੇ)।
- ਪਿੰਡ ਤੇ ਸ਼ਹਿਰ ਪੱਧਰ 'ਤੇ ਜੈਵ ਵਿਭਿੰਨਤਾ ਪ੍ਰਬੰਧਣ ਕਮੇਟੀਆਂ ਅਤੇ ਸੂਬੇ ਤੇ ਜ਼ਿਲ੍ਹਾ ਪੱਧਰ 'ਤੇ ਮਾਹਿਰ ਕਮੇਟੀਆਂ ਦਾ ਗਠਨ ਕਰਾਉਣਾ।
- ਇਨ੍ਹਾਂ ਕਮੇਟੀਆਂ ਰਾਹੀਂ ਜਨ ਜੈਵ ਵਿਭਿੰਨਤਾ ਰਜਿਸਟਰ ਬਣਾਉਣ ਦਾ ਕੰਮ ਤੇਜ਼ ਕਰਾਉਣਾ ਤਾਂ ਜੋ ਉਪਲਬਧ ਸ੍ਰੋਤ ਦਰਜ ਕੀਤੇ ਜਾ ਸਕਣ ਅਤੇ ਪਰੰਪਰਾਗਤ ਗਿਆਨ ਦੀ ਸੁਰੱਖਿਆ ਕੀਤੀ ਜਾ ਸਕੇ।
- ਜਨਤਾ ਦੀ ਸਮਰਥਾ-ਸਿਰਜਣਾ ਲਈ ਪ੍ਰੋਗਰਾਮ ਅਤੇ ਸੂਬਾ ਸਰਕਾਰ ਦੇ ਸਬੰਧਤ ਵਿਭਾਗਾਂ ਲਈ ਸਿਖਲਾਈ ਪ੍ਰੋਗਰਾਮ ਚਲਾਉਣੇ।

ਇਸ ਬੋਰਡ ਲਈ ਨੋਟੀਫਿਕੇਸ਼ਨ ਦਸੰਬਰ, 2●●4 ਵਿਚ ਜਾਰੀ ਕੀਤੀ ਗਈ। ਮੁੱਖ ਮੰਤਰੀ ਪੰਜਾਬ ਨੂੰ ਇਸ ਦਾ ਪ੍ਰਧਾਨ ਥਾਪਿਆ ਗਿਆ ਜਿਨ੍ਹਾਂ ਕੋਲ ਉਸ ਸਮੇਂ ਵਾਤਾਵਰਨ ਮੰਤਰਾਲਾ ਵੀ ਸੀ। ਤਿੰਨ ਸਾਲਾ ਅਵਧੀ ਪੂਰੀ ਕਰਨ ਮਗਰੋਂ ਨੋਟੀਫਿਕੇਸ਼ਨ ਨੰਬਰ 2/4/2●●●/ਐਸ.ਟੀ.ਈ.(1) 2875 ਮਿਤੀ ●8.●7.2●●7 ਰਾਹੀਂ ਬੋਰਡ ਮੁੜ ਨੋਟੀਫਾਈ ਕੀਤਾ ਜਾ ਚੁੱਕਾ ਹੈ। ਬੋਰਡ ਨੇ 2●●5 ਵਿਚ ਆਪਣੀਆਂ ਗਤੀਵਿਧੀਆਂ ਅਰੰਭੀਆਂ। ਪੰਜਾਬ ਵਿਚ ਜੈਵ ਵਿਭਿੰਨਤਾ (ਜੰਗਲੀ ਅਤੇ ਜ਼ਰਾਇਤੀ ਜੈਵ ਵਿਭਿੰਨਤਾ ਸਣੇ) ਦੀ ਸੰਭਾਲ ਲਈ ਇਸ ਪ੍ਰੀਸ਼ਦ ਨੂੰ ਨੋਡਲ ਏਜੰਸੀ ਥਾਪਿਆ ਗਿਆ ਹੈ। ਜੈਵ ਵਿਭਿੰਨਤਾ ਕਾਨੂੰਨ, 2●●2 ਅਧੀਨ ਪੰਜਾਬ ਜੈਵ ਵਿਭਿੰਨਤਾ ਬੋਰਡ ਨੂੰ ਇਕ ਸੰਵਿਧਾਨਿਕ ਸੰਸਥਾ ਦੇ ਰੂਪ ਵਿਚ ਨੋਟੀਫਾਈ ਕੀਤਾ ਗਿਆ ਹੈ ਜਿਸ ਦੇ ਪ੍ਰਧਾਨ ਮੁੱਖ ਮੰਤਰੀ (ਵਾਤਾਵਰਨ ਮੰਤਰੀ ਵਜੋਂ) ਅਤੇ ਮੈਂਬਰ ਸਕੱਤਰ ਕਾ. ਨਿਰਦੇਸ਼ਕ/ਪੰ: ਰਾ: ਵਿ: ਤੇ ਤ: ਪ੍ਰੀ: ਹਨ। **ਨੋਟੀਫਿਕੇਸ਼ਨ ਲਈ ਐਥੇ ਕਲਿੱਕ ਕਰੋ ਨੋਟੀਫਿਕੇਸ਼ਨ** (1,2,3)। ਪੰਜਾਬ ਜੈਵ ਵਿਭਿੰਨਤਾ ਬੋਰਡ, ਜਿਸ ਨੂੰ ਸੇਵਾ ਪੰ: ਰਾ: ਵਿ: ਤੇ ਤ: ਪ੍ਰੀ: ਦੁਆਰਾ ਮੁਹੱਈਆ ਕਰਵਾਈ ਜਾਂਦੀ ਹੈ, ਵਿਚ ਕੇਵਲ ਇੱਕ ਵਿਗਿਆਨੀ, ਇੱਕ ਸਟੈਨੋ ਅਤੇ ਇਕ ਡਰਾਇਵਰ ਹੈ ਜੋ ਠੇਕਾ-ਅਧਾਰਤ ਯਕਮੁਸ਼ਤ ਤਨਖਾਹ ਉੱਪਰ ਹਨ (ਆਊਟਸੋਰਸਿੰਗ)। ਪੰਜਾਬ ਜੈਵ ਵਿਭਿੰਨਤਾ ਬੋਰਡ ਦੀਆਂ 3 ਮੀਟਿੰਗਾਂ ਹੋ ਚੁੱਕੀਆਂ ਹਨ। **ਮੀਟਿੰਗਾਂ ਦੀਆਂ ਕਾਰਵਾਈ ਰਿਪੋਰਟਾਂ ਦੇਖਣ ਲਈ ਐਥੇ ਕਲਿੱਕ ਕਰੋ** (1,2,3) ।

**ਸੂਬੇ ਦੇ ਵਾਤਾਵਰਨੀ ਮਸਲਿਆਂ ਸਬੰਧੀ ਐਨਵਿਸ ਕੇਂਦਰ :-**

ਪੰ: ਰਾ: ਵਿ: ਤੇ ਤ: ਪ੍ਰੀ: ਵਿਚ ਸਥਾਪਤ ਐਨਵਿਸ ਕੇਂਦਰ 'ਪੰਜਾਬ ਸੂਬਾਈ ਵਾਤਾਵਰਨੀ ਮਸਲੇ' ਵਿਸ਼ੇ ਉੱਪਰ ਕੰਮ ਕਰ ਰਿਹਾ ਹੈ। ਇਹ ਭਾਰਤ ਸਰਕਾਰ ਦੇ ਵਾਤਾਵਰਨ ਅਤੇ ਜੰਗਲਾਤ ਮੰਤਰਾਲੇ ਦੀ ਵਿਕੇਂਦਰੀਕਰਨ ਪ੍ਰਣਾਲੀ ਦਾ ਇੱਕ ਹਿੱਸਾ ਹੈ ਜਿਸ ਅਧੀਨ ਪੂਰੇ ਭਾਰਤ ਵਿੱਚ 78 ਵਿਸ਼ਾ ਅਧਾਰਤ ਕੇਂਦਰ ਸਥਾਪਤ ਕੀਤੇ ਗਏ ਹਨ ਜੋ ਵਾਤਾਵਰਨੀ ਸੂਚਨਾ ਇੱਕਠੀ ਕਰਨ, ਪੜਤਾਲਣ ਅਤੇ ਇਹ ਸੂਚਨਾ ਫੈਸਲੇ ਲੈਣ ਵਾਲਿਆਂ, ਯੋਜਨਾਵਾਂ ਬਣਾਉਣ ਵਾਲਿਆਂ, ਵਿਗਿਆਨੀਆਂ, ਇੰਜਨੀਅਰਾਂ, ਖੋਜ ਕਰਤਾਵਾਂ ਆਦਿ ਤੱਕ ਪੁੱਜਦੀ ਕਰਨ ਦਾ ਕੰਮ ਕਰ ਰਹੇ ਹਨ।

'ਸੂਬਾਈ ਵਾਤਾਵਰਨੀ ਮਸਲੇ' ਵਿਸ਼ੇ ਉੱਪਰ ਐਨਵਿਸ ਨੋਡ ਦਸੰਬਰ 2●●2 ਵਿਚ ਇਸ ਪ੍ਰੀਸ਼ਦ ਵਿਚ ਸਥਾਪਤ ਕੀਤੀ ਗਈ ਸੀ। ਪੰਜਾਬ ਸੂਬੇ ਦੀਆਂ ਵਾਤਾਵਰਨੀ ਸਮੱਸਿਆਵਾਂ ਦੀ ਪਛਾਣ ਕਰਨ ਲਈ ਅਜਿਹਾ ਭਾਰਤ ਸਰਕਾਰ ਦੇ ਵਾਤਾਵਰਨ ਅਤੇ ਜੰਗਲਾਤ ਮੰਤਰਾਲੇ ਦੇ ਈ. ਐਮ. ਸੀ. ਬੀ.- ਈ. ਐਨ. ਵੀ. ਆਈ. ਐਸ. ਪ੍ਰਾਜੈਕਟ (ਸੰਸਾਰ ਬੈਂਕ ਤੋਂ ਸਹਾਇਤਾ ਪ੍ਰਾਪਤ) ਅਧੀਨ ਕੀਤਾ ਗਿਆ। ਜਨਵਰੀ 2●●5 ਵਿਚ ਇਸ ਨੋਡ ਨੂੰ 'ਵਾਤਾਵਰਨ ਦੀ ਸਥਿਤੀ ਅਤੇ ਸਬੰਧਤ ਮੁੱਦੇ' ਵਿਸ਼ੇ 'ਤੇ 1●ਵੀਂ ਪੰਜ ਸਾਲਾਂ ਯੋਜਨਾ ਅਧੀਨ ਵਾ. ਅਤੇ ਜੰ. ਮੰਤਰਾਲੇ ਦੀ ਸਰਪਰਸਤੀ ਅਧੀਨ ਕੰਮ ਕਰਨ ਵਾਲੇ ਐਨਵਿਸ ਕੇਂਦਰ ਵਿਚ ਤਬਦੀਲ ਕਰ ਦਿੱਤਾ ਗਿਆ। ਪੰਜਾਬ ਦੇ ਐਨਵਿਸ ਕੇਂਦਰ ਦੀ ਇਹ ਨਿਰੰਤਰ ਕੋਸ਼ਿਸ਼ ਰਹੀ ਹੈ ਕਿ ਪੰਜਾਬ ਦੇ ਵਾਤਾਵਰਨੀ ਮੁੱਦਿਆਂ ਉਪਰ ਸੂਚਨਾ ਪਛਾਣੀ ਅਤੇ ਇੱਕਠੀ ਕੀਤੀ ਜਾਵੇ, ਅੰਕੜਿਆਂ ਵਿਚਲੀ ਘਾਟ ਲੱਭੀ ਜਾਵੇ, ਸੂਚਨਾਵਾਂ ਦੇਣ ਅਤੇ ਵਰਤਣ ਵਾਲਿਆਂ ਵਿਚਕਾਰ ਸਬੰਧ ਸਥਾਪਤ ਕੀਤੇ ਜਾਣ ਅਤੇ ਇਕ ਅੰਕੜਾ ਬੈਂਕ ਤਿਆਰ ਕੀਤਾ ਜਾਵੇ। 'ਖੇਤੀ ਅਤੇ ਪਾਣੀ ਹਾਰਵੈਸਟਿੰਗ' ਵਿਸ਼ੇ ਦੇ ਖੇਤਰ ਵਿਚ ਕੰਮ ਕਰਨ ਲਈ ਐਨਵਿਸ-ਇੰਡੋ ਕੈਨੇਡੀਅਨ ਐਨਵਾਇਰਨਮੈਂਟ ਫਸਲਿਟੀ (ਆਈ.ਸੀ.ਈ.ਐਫ.) ਪ੍ਰਾਜੈਕਟ ਦੇ ਸਸਟੇਨੇਬਲ ਡਿਵੈਲਪਮੈਂਟ ਨੈੱਟਵਰਕ ਪ੍ਰੋਗਰਾਮ (ਐਸ.ਡੀ.ਐਨ.ਪੀ.) ਅਧੀਨ ਇਸ ਕੇਂਦਰ ਨੂੰ ਹਿੱਸੇਦਾਰ ਵੱਜੋਂ ਵੀ ਚੁਣਿਆ ਗਿਆ।

**ਐਨਵਿਸ ਕੇਂਦਰ ਅਧੀਨ ਗਤੀਵਿਧੀਆਂ :-**

- ਇੱਕ ਦੋ-ਭਾਸ਼ੀ (ਅੰਗਰੇਜ਼ੀ ਤੇ ਪੰਜਾਬੀ ਵਿੱਚ) ਵੈੱਬ ਸਾਈਟ ਦੀ ਉਸਾਰੀ ਅਤੇ ਸੇਵਾ-ਸੰਭਾਲ : ਵੈੱਬ ਸਾਈਟ www.punenvis.nic.in ਫਰਵਰੀ 2●●5 ਵਿਚ ਸ਼ੁਰੂ ਕੀਤੀ ਗਈ ਸੀ। ਇਹ ਸਾਈਟ ਪੰਜਾਬ ਸੂਬੇ ਵਿਚ ਵਿਭਿੰਨ ਵਾਤਾਵਰਨੀ ਮੁੱਦਿਆਂ ਵਿਸ਼ੇਸ਼ ਤੌਰ 'ਤੇ ਖੇਤੀਬਾੜੀ, ਹਵਾ, ਪਾਣੀ ਧਰਤੀ, ਜੈਵ ਵਿਭਿੰਨਤਾ, ਜਨ ਸੰਖਿਅਕੀ, ਊਰਜਾ, ਠੋਸ ਕਚਰਾ-ਪ੍ਰਬੰਧਣ, ਵਾਤਾਵਰਨ ਸਿੱਖਿਆ ਤੇ ਜਾਗਰੂਕਤਾ ਅਤੇ ਨੀਤੀਆਂ ਤੇ

ਕਾਨੂੰਨਾਂ ਸਬੰਧੀ ਸੂਚਨਾ ਮੁਹੱਈਆ ਕਰਵਾਉਂਦੀ ਹੈ। ਇਹ ਸਾਈਟ ਸਬੰਧਤ ਵਿਭਾਗਾਂ, ਵੈੱਬ ਲਿੰਕਾਂ, ਫੋਟੋ ਗੈਲਰੀ, ਨਕਸ਼ਿਆਂ, ਖ਼ਬਰਾਂ ਅਤੇ ਘਟਨਾਵਾਂ ਸਬੰਧੀ ਸੂਚਨਾ ਵੀ ਮੁਹੱਈਆ ਕਰਵਾਉਂਦੀ ਹੈ। ਇਸ ਤੋਂ ਬਿਨਾਂ ਇਸ ਸਾਈਟ ਦੇ ਉੱਪ ਲਿੰਕ ਜਿਵੇਂ ਕਿ ਜਾਣ-ਪਛਾਣ, ਪੰ: ਰਾ: ਵਿ: ਤੇ ਤ: ਪ੍ਰੀ: ਬਾਰੇ, ਐਨਵਿਸ ਬਾਰੇ ਆਦਿ ਤੋਂ ਵਾਧੂ ਦੀ ਸੂਚਨਾ ਤੱਕ ਵੀ ਪਹੁੰਚ ਕੀਤੀ ਜਾ ਸਕਦੀ ਹੈ। ਅਦਾਨ-ਪ੍ਰਦਾਨ ਦੀ ਸਹੂਲਤ ਵਾਲੀ ਇਸ ਸਾਈਟ ਵਿੱਚ ਇੱਕ ਗਤੀਸ਼ੀਲ ਪ੍ਰਸ਼ਨ-ਉੱਤਰ ਪ੍ਰਣਾਲੀ ਦੇ ਨਾਲ-ਨਾਲ ਸ਼ਿਵਾਲਿਕ ਜੈਵ ਵਿਭਿੰਨਤਾ, ਹਵਾ ਪ੍ਰਦੂਸ਼ਣ, ਪੰਜਾਬ ਦੇ ਪ੍ਰਮੁੱਖ ਦਰਿਆਵਾਂ ਵਿਚ ਪਾਣੀ-ਗੁਣਵੱਤਾ, ਵਾਤਾਵਰਨੀ ਸਾਹਿਤ, ਪੰਜਾਬ ਐਨਵਾਇਰਨਮੈਂਟ ਐਬਸਟ੍ਰੈਕਟਸ ਅਤੇ ਦੱਖਣੀ ਏਸ਼ੀਆ ਵਿੱਚ ਵਾਤਾਵਰਨ-ਸਿੱਖਿਆ ਦੇ ਖੇਤਰ ਵਿਚ ਕੰਮ ਕਰ ਰਹੇ ਮਾਹਿਰਾਂ/ਗੈ: ਸਰਕਾਰੀ ਸੰਗਠਨਾਂ/ਸਰਕਾਰੀ ਸੰਗਠਨਾਂ ਦੀ ਡਾਇਰੈਕਟਰੀ ਸਬੰਧੀ ਸਰਚ ਕਰਨ ਯੋਗ ਅੰਕੜਾ ਅਧਾਰ ਹੈ। ਸਬੰਧਤ ਮੁੱਦਿਆਂ ਸਬੰਧੀ ਖ਼ਬਰਾਂ ਨੂੰ ਇਹ ਕੇਂਦਰ ਰੋਜ਼ਾਨਾ ਦੇ ਅਧਾਰ 'ਤੇ ਇੱਕਠਾ ਕਰਦਾ ਹੈ।

- ਸਮਾਚਾਰ ਪੱਤ੍ਰਿਕਾ, ਕਿਤਾਬਾਂ, ਕਿਤਾਬਚਿਆਂ, ਸੀ.ਡੀ. ਆਦਿ ਦਾ ਪ੍ਰਕਾਸ਼ਨ: ਵਿਸ਼ਾ-ਖੇਤਰ ਨਾਲ ਸਬੰਧਤ ਵਿਭਿੰਨ ਮੁੱਦਿਆਂ ਉੱਪਰ ਇਹ ਕੇਂਦਰ ਇੱਕ ਤਿਮਾਹੀ ਸਮਾਚਾਰ ਪੱਤ੍ਰਿਕਾ ਪ੍ਰਕਾਸ਼ਿਤ ਕਰਦਾ ਹੈ। ਇਹ ਪੱਤ੍ਰਿਕਾ ਅਤੇ ਹੋਰ ਸਾਂਝੇ ਪ੍ਰਕਾਸ਼ਨ ਜਿਵੇਂ ਕਿ ਪੰਜਾਬ ਐਨਵਾਇਰਨਮੈਂਟ ਐਬਸਟ੍ਰੈਕਟ ਕਿਤਾਬ (1975-1995), ਸਟੇਟ ਆਫ ਐਨਵਾਇਰਨਮੈਂਟ ਰਿਪੋਰਟਾਂ (ਪੰਜਾਬ ਅਤੇ ਚੰਡੀਗੜ੍ਹ), ਜੈਵ ਵਿਭਿੰਨਤਾ ਕਿਤਾਬਚਾ, ਫੀਲਡ ਗਾਈਡ ਆਫ਼ ਬਰਡਜ਼ ਆਫ਼ ਕੇਸ਼ੋਪੁਰ ਮਿਆਣੀ ਵੈੱਟਲੈਂਡ ਆਦਿ ਵੀ ਇਸ ਕੇਂਦਰ ਦੀ ਵੈੱਬ ਸਾਈਟ ਉੱਪਰ ਉਪਲਬਧ ਹਨ।
- ਜਨਤਾ ਤੱਕ ਪਹੁੰਚਣ ਅਤੇ ਸਮਰਥਾ ਸਿਰਜਣ ਦੀਆਂ ਗਤੀਵਿਧੀਆਂ: ਇਹ ਕੇਂਦਰ ਸਮੇਂ-ਸਮੇਂ 'ਤੇ ਜਨਤਾ ਤੱਕ ਪਹੁੰਚਣ ਅਤੇ ਸਮਰਥਾ ਸਿਰਜਣ ਦੀਆਂ ਗਤੀਵਿਧੀਆਂ ਕਰਦਾ ਹੈ ਜਿਵੇਂ ਕਿ :
    - ਇੱਕ ਤਿੰਨ-ਰੋਜ਼ਾ ਚੰਡੀਗੜ੍ਹ ਫਿਲਮ ਫੈਸਟੀਵਲ (9 ਸ਼ੋਆਂ ਦੌਰਾਨ 3,363 ਲੋਕਾਂ ਤੱਕ ਪਹੁੰਚ)
    - 'ਖੇਤੀ ਅਤੇ ਵਾਤਾਵਰਨ' ਵਿਸ਼ੇ ਉੱਪਰ ਸਿੰਪੋਜ਼ੀਅਮ – 137 ਵਿਅਕਤੀਆਂ ਦੀ ਸ਼ਮੂਲੀਅਤ
    - ਨਾਸਾ (ਨੈਸ਼ਨਲ ਏਅਰੋਨਾਟਿਕਸ ਐਂਡ ਸਪੇਸ ਐਡਮਨਿਸਟਰੇਸ਼ਨ) ਦੇ 'ਕਲਾਉਡਸੈਟ ਐਜੂਕੇਸ਼ਨ ਨੈੱਟਵਰਕ ਪ੍ਰੋਗਰਾਮ' ਵਿਚ ਮੱਦਦ ਕਰਨਾ ਅਤੇ ਸੰਸਾਰ ਦੇ 1● ਹੋਰ ਦੇਸ਼ਾਂ (ਜਿਵੇਂ ਕਿ ਯੂ.ਐਸ.ਏ., ਆਸਟਰੇਲੀਆ, ਨਿਊਜ਼ੀਲੈਂਡ, ਜਰਮਨੀ, ਥਾਈਲੈਂਡ, ਇੰਡੋਨੇਸ਼ੀਆ ਆਦਿ) ਤੋਂ ਬਿਨਾਂ ਪੰਜਾਬ ਚੋਂ ਅੱਠ ਚੋਣਵੇਂ ਸਕੂਲਾਂ (ਜਲੰਧਰ ਅਤੇ ਮੋਹਾਲੀ ਜ਼ਿਲ੍ਹੇ ਤੋਂ) ਤੱਕ ਪਹੁੰਚ ਕਰਨ ਵਿਚ ਰਾਜ ਵਿਗਿਆਨ ਸਿੱਖਿਆ ਸੰਸਥਾ ਦੀ ਮੱਦਦ ਕਰਨਾ। ਇਸ ਪ੍ਰੋਗਰਾਮ ਵਿਚ ਨਾਸਾ

ਸਕੂਲੀ ਵਿਦਿਆਰਥੀਆਂ ਦੇ ਸਹਿਯੋਗ ਨਾਲ ਉਨ੍ਹਾਂ ਅੰਕੜਿਆਂ ਨੂੰ ਜ਼ਮੀਨੀ ਪੱਧਰ 'ਤੇ ਟੈਸਟ ਕਰ ਰਹੀ ਹੈ ਜੋ ਉਪਗ੍ਰਹਿਆਂ ਦੁਆਰਾ ਭੇਜੇ ਗਏ ਹਨ। ਅਜਿਹਾ 'ਨਾਸਾ ਅਰਥ ਸਾਇੰਸ ਐਂਟਰਪਰਾਇਜ਼' ਅਧੀਨ ਬੱਦਲਾਂ ਦੇ ਅਤੇ ਸੰਸਾਰੀ ਜਲਵਾਯੂ ਦੇ ਅਧਿਐਨ ਲਈ ਕੀਤਾ ਜਾ ਰਿਹਾ ਹੈ।

- ਮਹੱਤਵਪੂਰਨ ਵਾਤਾਵਰਨੀ ਦਿਵਸ ਮਨਾਉਣ।

ਇਹ ਸਾਈਟ **www.punenvis.nic. in** 'ਤੇ ਉਪਲਬਧ ਹੈ।

**ਪੇਟੈਂਟ ਸੂਚਨਾ ਕੇਂਦਰ**

ਭਾਰਤ ਸਰਕਾਰ ਦੇ ਵਿਗਿਆਨ ਅਤੇ ਤਕਨਾਲੌਜੀ ਵਿਭਾਗ ਦੀ ਤਕਨਾਲੌਜੀ ਸੂਚਨਾ, ਅਗਾਊਂ ਅਨੁਮਾਨ ਅਤੇ ਮੁਲਾਂਕਣ ਪ੍ਰੀਸ਼ਦ (ਟੀ.ਆਈ.ਐਫ.ਏ.ਸੀ) ਅਤੇ ਪੰਜਾਬ ਸਰਕਾਰ ਦੇ ਸਾਂਝੇ ਪ੍ਰਾਜੈਕਟ ਵਜੋਂ ਪੇਟੈਂਟ ਸੂਚਨਾ ਕੇਂਦਰ (ਪੀ.ਆਈ.ਸੀ.) ਦਸੰਬਰ, 1998 ਵਿਚ ਪ੍ਰੀਸ਼ਦ ਵਿਚ ਸਥਾਪਤ ਕੀਤਾ ਗਿਆ ਤਾਂ ਜੋ ਬੌਧਿਕ ਸੰਪਤੀ ਅਧਿਕਾਰਾਂ (ਆਈ.ਪੀ.ਆਰਜ਼) ਸਬੰਧੀ ਜਾਗਰੂਕਤਾ ਪੈਦਾ ਕੀਤੀ ਜਾ ਸਕੇ ਅਤੇ ਇਸ ਖੇਤਰ ਤੋਂ ਪੇਟੈਂਟ ਫਾਈਲ ਕਰਨਾ ਸੌਖਾਲਾ ਬਣਾਇਆ ਜਾ ਸਕੇ। ਇਸ ਕੇਂਦਰ ਦਾ ਮੁੱਖ ਉਦੇਸ਼ ਹੈ – ਘੜਣਹਾਰਿਆਂ, ਖੋਜੀਆਂ, ਖੋਜ ਤੇ ਵਿਕਾਸ ਸੰਸਥਾਵਾਂ ਅਤੇ ਉੱਦਮੀਆਂ ਦੇ ਬੂਹੇ 'ਤੇ ਪੇਟੈਂਟ ਖੋਜ ਅਤੇ ਫਾਈਲਿੰਗ ਸਹੂਲਤਾਂ (ਤਕਨੀਕੀ ਅਤੇ ਵਿੱਤੀ ਮੱਦਦ) ਦੇਣਾ। ਸੈਮੀਨਾਰ ਅਤੇ ਕਾਰਜਸ਼ਾਲਾਵਾਂ ਆਯੋਜਿਤ ਕਰਕੇ ਇਹ ਕੇਂਦਰ ਬੌਧਿਕ ਸੰਪਦਾ ਅਧਿਕਾਰ ਦੇ ਮੁੱਦਿਆਂ ਸਬੰਧੀ ਜਾਗਰੂਕਤਾ ਪੈਦਾ ਕਰ ਰਿਹਾ ਹੈ। ਨਾਲ ਹੀ, ਕਿਉਂਕਿ ਸੂਬੇ ਵਿਚ ਤਕਨੀਕੀ ਅਤੇ ਕਿੱਤਾ ਮੁਖੀ ਸਿੱਖਿਆ ਦੇ ਪਾਠਕ੍ਰਮ ਵਿਚ ਇਨ੍ਹਾਂ ਅਧਿਕਾਰਾਂ ਨੂੰ ਇੱਕ ਜ਼ਰੂਰੀ ਵਿਸ਼ੇ ਵਜੋਂ ਸ਼ਾਮਲ ਕੀਤਾ ਗਿਆ ਹੈ, ਇਹ ਕੇਂਦਰ ਵਿਸ਼ੇਸ਼ ਸਿਖਲਾਈ ਕੈਂਪ ਲਗਾ ਕੇ ਆਈ.ਟੀ.ਆਈਆਂ, ਬਹੁ ਤਕਨੀਕੀ ਸੰਸਥਾਵਾਂ ਅਤੇ ਇੰਜਨੀਅਰਿੰਗ ਕਾਲਜਾਂ ਦੇ ਅਧਿਆਪਕਾਂ ਨੂੰ ਸਿੱਖਿਅਤ ਵੀ ਕਰ ਰਿਹਾ ਹੈ। ਸਰਕਾਰੀ ਵਿਭਾਗਾਂ ਅਤੇ ਯੂਨੀਵਰਸਿਟੀਆਂ ਲਈ ਪੇਟੈਂਟ-ਸਰਚ ਮੁਫ਼ਤ ਕੀਤੀ ਜਾਂਦੀ ਹੈ।

ਐਨਾ ਹੀ ਨਹੀਂ, ਪੰਜਾਬ ਦੀਆਂ ਸੂਖਮ, ਲਘੂ ਅਤੇ ਦਰਮਿਆਨੀਆਂ ਇਕਾਈਆਂ ਲਈ ਇੰਟੇਲੈਕਚੁਅਲ ਪ੍ਰਾਪਰਟੀ ਫਸਿਲੀਟੇਸ਼ਨ ਸੈਂਟਰ ਵੀ ਇਸ ਪ੍ਰੀਸ਼ਦ ਦੇ ਪੀ.ਆਈ.ਸੀ. ਵਿੱਚ ਸਥਾਪਤ ਕੀਤਾ ਗਿਆ ਹੈ। ਵਿਸਤ੍ਰਿਤ ਜਾਣਕਾਰੀ ਲਈ **ਐਥੇ ਕਲਿੱਕ ਕਰੋ।**

**http://www.pscst.com/en/about/pdfs/MSME.pdf**

**ਔਰਤ ਸਸ਼ਕਤੀਕਰਨ ਲਈ ਵਿਗਿਆਨ ਅਤੇ ਤਕਨਾਲੌਜੀ**

ਪੰ: ਰਾ: ਵਿ: ਤੇ ਤ: ਪ੍ਰੀ: ਚਿਰ-ਸਥਾਈ ਕੋਸ਼ਿਸ਼ਾਂ ਕਰ ਰਹੀ ਹੈ ਕਿ ਆਮ ਵਿਅਕਤੀ ਨਾਲ ਸਬੰਧਤ ਉਹਨਾਂ ਜੈਵ ਤਕਨੀਕੀ ਖੋਜਾਂ ਨੂੰ ਉਤਸ਼ਾਹਿਤ ਕੀਤਾ ਜਾਵੇ ਜੋ ਪੰਜਾਬ ਦੇ ਪੇਂਡੂ ਖੇਤਰਾਂ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਵਿਚ ਯੋਗਦਾਨ ਪਾ ਸਕਦੀਆਂ ਹੋਣ। ਇਸ ਲਈ ਭਾਰਤ ਸਰਕਾਰ ਦੇ ਵਿ: ਤੇ ਤ: ਵਿਭਾਗ ਨੇ ਇਸ ਪ੍ਰੀਸ਼ਦ ਨੂੰ ਕਿਹਾ ਕਿ ਪੰਜਾਬ ਦੀਆਂ ਸੰਸਥਾਵਾਂ ਅਤੇ ਯੂਨੀਵਰਸਿਟੀਆਂ ਨੂੰ ਉਤਸ਼ਾਹ ਅਤੇ ਅਗਵਾਈ ਦਿੱਤੀ ਜਾਵੇ ਤਾਂ ਕਿ ਉਹ ਵਿ: ਤੇ ਤ: ਵਿਭਾਗ ਦੇ 'ਔਰਤਾਂ ਲਈ ਵਿਗਿਆਨ ਅਤੇ ਤਕਨਾਲੌਜੀ ਪ੍ਰੋਗਰਾਮ' ਅਧੀਨ ਆਰਥਿਕ ਸਹਾਇਤਾ ਲੈਣ ਲਈ ਪ੍ਰਾਜੈਕਟ ਤਜਵੀਜ਼ਾਂ ਬਣਾ ਕੇ ਪੇਸ਼ ਕਰਨ। ਭਾਰਤ ਸਰਕਾਰ ਦੇ ਇਸ ਵਿਭਾਗ ਦੇ ਨਿਮਿੱਤ ਇਹ ਪ੍ਰੀਸ਼ਦ ਪਹਿਲਾਂ ਹੀ ਆਪਸੀ ਚਰਚਾ ਵਾਲੀਆਂ ਦੋ ਮੀਟਿੰਗਾਂ ਆਯੋਜਿਤ ਕਰ ਚੁੱਕੀ ਹੈ ਅਤੇ ਚਾਲੂ ਵਿੱਤੀ ਵਰ੍ਹੇ ਦੌਰਾਨ ਅਜਿਹੀਆਂ ਹੀ ਹੋਰ ਮੀਟਿੰਗਾਂ ਕਰੇਗੀ।

ਇਸ ਪ੍ਰੋਗਰਾਮ ਅਧੀਨ ਭਾਰਤ ਸਰਕਾਰ ਦਾ ਵਿਗਿਆਨ ਤੇ ਤਕਨਾਲੌਜੀ ਵਿਭਾਗ ਉਹਨਾਂ ਨਵੇਂ ਪ੍ਰਾਜੈਕਟਾਂ ਲਈ ਸਹਾਇਤਾ ਦਿੰਦਾ ਹੈ ਜੋ ਔਰਤ ਸਸ਼ਕਤੀਕਰਨ ਵੱਲ ਸੇਧਿਤ ਹੁੰਦੇ ਹਨ। ਇਸ ਪ੍ਰੋਗਰਾਮ ਦੇ ਉਦੇਸ਼ ਹਨ:

- ਖੋਜ, ਵਿਕਾਸ ਅਤੇ ਤਕਨੀਕ ਸਥਾਨਾਂਤਰਨ ਨੂੰ ਉਤਸ਼ਾਹਿਤ ਕਰਨਾ ਤਾਂ ਜੋ ਔਰਤਾਂ, ਖਾਸ ਤੌਰ 'ਤੇ ਪੇਂਡੂ ਖੇਤਰਾਂ ਵਿੱਚ, ਦੀਆਂ ਜੀਵਨ-ਹਾਲਤਾਂ ਸੁਧਰ ਸਕਣ ਅਤੇ ਉਨ੍ਹਾਂ ਨੂੰ ਲਾਭਕਾਰੀ ਰੋਜ਼ਗਾਰ ਦੇ ਨਵੇਂ ਮੌਕੇ ਮਿਲ ਸਕਣ।
- ਵਿਗਿਆਨ, ਤਕਨਾਲੌਜੀ ਅਤੇ ਵਿਕਾਸ ਵਿਚ ਔਰਤਾਂ ਦਾ ਯੋਗਦਾਨ ਵਧਾਉਣਾ।

ਭਾਰਤ ਸਰਕਾਰ ਦੇ ਵਿਗਿਆਨ ਤੇ ਤਕਨਾਲੌਜੀ ਵਿਭਾਗ ਦੁਆਰਾ ਇਸ ਯੋਜਨਾ ਅਧੀਨ ਪਹਿਲ ਮੰਗਦੇ ਹੇਠ ਲਿਖੇ ਖੇਤਰਾਂ ਦੀ ਪਛਾਣ ਕੀਤੀ ਗਈ ਹੈ:

- ਵਿਭਿੰਨ ਖੇਤਰਾਂ ਵਿਚ ਔਰਤਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਿਗਿਆਨ ਅਤੇ ਤਕਨਾਲੌਜੀ ਦੀ ਵਰਤੋਂ ਦੇ ਵਿਸ਼ੇਸ਼ ਪ੍ਰੋਗਰਾਮ;
- ਔਰਤਾਂ ਦੁਆਰਾ ਵਰਤੇ ਜਾਂਦੇ ਖੇਤੀ-ਸੰਦਾਂ ਅਤੇ ਕਟਾਈ ਤੋਂ ਬਾਅਦ ਦੀ ਤਕਨਾਲੌਜੀ ਬਾਰੇ ਖੋਜ ਅਤੇ ਵਿਕਾਸ ਤਾਂ ਜੋ ਉਤਪਾਦਨ ਵਧੇ ਅਤੇ ਖੱਜਲ-ਖੁਆਰੀ ਘਟੇ ;
- ਤਕਨਾਲੌਜੀ ਦੀ ਵਰਤੋਂ ਨਾਲ ਖੇਤੀਬਾੜੀ ਅਤੇ ਜੰਤੂਆਂ ਦੀ ਰਹਿੰਦ-ਖੂੰਹਦ ਨੂੰ ਵਰਤਣਾ ਤਾਂ ਜੋ ਔਰਤਾਂ ਆਮਦਨ ਕਰ ਸਕਣ;
- ਨਵੇਂ ਤਕਨੀਕੀ ਖੇਤਰਾਂ ਵਿਚ ਸੁਧਰੀਆਂ ਹੋਈਆਂ ਵਿਧੀਆਂ ਦੀ ਵਰਤੋਂ ਨਾਲ ਆਮਦਨ ਵਿਚ ਵਾਧਾ;

- ਕੁਦਰਤੀ ਸ੍ਰੋਤਾਂ ਦੀ ਟਿਕਾਊ ਵਰਤੋਂ ਅਤੇ ਮੁੱਲ ਵਾਧਾ;
- ਔਰਤਾਂ ਦੀ ਸਿਹਤ ਅਤੇ ਪੋਸ਼ਣ ਨਾਲ ਜੁੜੇ ਮੱਹਤਵਪੂਰਨ ਮੁੱਦਿਆਂ ਉੱਪਰ ਖੋਜ, ਵਿਕਾਸ ਅਤੇ ਪ੍ਰਦਰਸ਼ਨ ਪ੍ਰੋਗਰਾਮ;
- ਔਰਤਾਂ ਦੁਆਰਾ ਰਸਮੀ ਅਤੇ ਗ਼ੈਰ ਰਸਮੀ ਖੇਤਰਾਂ ਵਿੱਚ ਵਿਭਿੰਨ ਕਿੱਤਿਆਂ ਲਈ ਵਰਤੇ ਜਾਂਦੇ ਸੰਦਾਂ, ਔਜ਼ਾਰਾਂ ਆਦਿ ਦਾ ਡਿਜ਼ਾਈਨ ਤਿਆਰ ਕਰਨਾ, ਉਨ੍ਹਾਂ ਨੂੰ ਬਣਾਉਣਾ ਅਤੇ ਸੁਧਾਰਨਾ;
- ਪਰੰਪਰਾਗਤ ਹੁੱਨਰਾਂ ਨੂੰ ਨਿਖਾਰਨਾ ਤਾਂ ਜੋ ਉਪਲਬਧ ਸ੍ਰੋਤਾਂ ਦੀ ਸਹੀ ਵਰਤੋਂ ਕੀਤੀ ਜਾ ਸਕੇ ਅਤੇ ਔਰਤਾਂ ਨੂੰ ਸੰਗਠਿਤ ਖੇਤਰ ਵਿਚ ਦਾਖਲ ਹੋਣ ਜਾਂ ਆਪਣੇ ਉੱਦਮ ਲਗਾ ਕੇ ਉਤਪਾਦਨ ਕਰਨ/ਸੇਵਾਵਾਂ ਮੁਹੱਈਆ ਕਰਵਾਉਣ ਯੋਗ ਬਣਾਇਆ ਜਾ ਸਕੇ;
- ਔਰਤ ਵਿਗਿਆਨੀਆਂ ਅਤੇ ਇੰਜਨੀਅਰਾਂ ਨਾਲ ਸਬੰਧਤ ਮੁੱਦਿਆਂ ਉੱਪਰ ਚੋਣਵੇਂ ਅਧਿਐਨ;
- ਰੋਜ਼ਗਾਰ ਦੀ ਲਗਾਤਾਰਤਾ ਟੁੱਟਣ ਮਗਰੋਂ ਔਰਤ ਵਿਗਿਆਨੀਆਂ ਨੂੰ ਮੌਕੇ ਪ੍ਰਦਾਨ ਕਰਨਾ;
- ਔਰਤ ਸਸ਼ਕਤੀਕਰਨ ਨਾਲ ਸਬੰਧਤ ਕੋਈ ਵੀ ਹੋਰ ਖੇਤਰ।

ਇਸ ਯੋਜਨਾ ਅਧੀਨ ਤਜਵੀਜ਼ ਤਿਆਰ ਕਰਨ ਲਈ ਜ਼ਰੂਰੀ ਅਗਵਾਈ ਲੀਹਾਂ ਡਾਊਨਲੋਡ ਕਰਨ ਲਈ ਵੇਖੋ **www/scienceandsociety-dst.org**

ਸਪੰਰਕ ਵਿਅਕਤੀ

ਡਾ. ਜਤਿੰਦਰ ਕੌਰ ਅਰੋੜਾ, ਵਧੀਕ ਨਿਰਦੇਸ਼ਕ (ਜੈਵ ਤਕਨਾਲੌਜੀ), ਪੰ: ਰਾ: ਵਿ: ਤੇ ਤ: ਪ੍ਰੀ.